NEWS FROM TROLLEYS

# ਟਰਾਲੀ ਟਾਈਮਜ਼

ਕਿਸਾਨੀ ਤਾਂ ਦੇਸ਼ ਦੀ ਅਰਥ ਵਿਵਸਥਾ

VOICE OF KISAN PROTEST 2020 | TROLLEY TIMES | VOL 1. edition No. IV | Thursday, DECEMBER 31st, 2020

ਇਥੇ ਬੇਗ਼ਮਪੁਰਾ ਵਸ ਗਿਆ ਹੈ
1 ਰਣਦੀਪ ਮੱਦੋਕੇ

आंदोलन ने बढ़ाया मज़दूरों का आत्मविश्वास
2 मनदीप

किसान आंदोलन में जवानी लिखेगी जीत की कहानी!
3 अनूप सिंह चिनोट, हरियाणा

ਉੱਠ ਕਿਰਤੀਆ
ਉੱਠ ਵੇ ਉੱਠਣ ਦਾ ਵੇਲਾ
ਜੜ੍ਹ ਵੈਰੀ ਦੀ ਪੁੱਟ ਵੇ
ਪੁੱਟਣ ਦਾ ਵੇਲਾ
ਸੰਤ ਰਾਮ ਉਦਾਸੀ

# ਕਿਸਾਨ ਮੋਰਚੇ ਵਿਚ ਭਾਈਵਾਲ ਮਜ਼ਦੂਰ

ਸੰਗੀਤ ਤੂਰ, ਜਸਦੀਪ ਸਿੰਘ ; ਟੀਕਰੀ ਮੋਰਚਾ

ਕਿਸਾਨਾਂ ਦੇ ਨਾਲ਼ ਨਾਲ਼ ਖੇਤ ਮਜ਼ਦੂਰਾਂ ਦੇ ਜੱਥੇ ਵੀ ਕਿਸਾਨ ਮੋਰਚੇ ਵਿਚ ਆ ਕੇ ਡਟ ਰਹੇ ਹਨ। 27 ਦਸੰਬਰ, ਟਿਕਰੀ ਬਾਰਡਰ ਦੀ ਸਾਂਝੀ ਸਟੇਜ ’ਤੇ ਰੁਲਦੂ ਸਿੰਘ ਮਾਨਸਾ ਬੋਲ ਰਹੇ ਸਨ। ਉਨ੍ਹਾਂ ਨੇ ਇਸ ਮਹੀਨੇ ਦੀਆਂ ਸ਼ਹੀਦੀਆਂ ਯਾਦ ਕਰਵਾਉਂਦਿਆਂ ਹੋਇਆਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦਾ ਸੀਸ ਪੰਜਾਬ ਲਿਆਉਣ ਵਾਲੇ ਭਾਈ ਜੈਤਾ ਜੀ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ।

ਮਾਨਸਾ ਤੋਂ ਕਰੀਬ 1000 ਖ਼ੇਤ ਮਜ਼ਦੂਰਾਂ ਦਾ ਜੱਥਾ, ਜਿਸ ਵਿਚ 450 ਬੀਬੀਆਂ ਸਨ, ਬੱਸਾਂ ਤੇ ਮਿੰਨੀ ਬੱਸਾਂ ਰਾਹੀਂ 26 ਦਸੰਬਰ ਨੂੰ ਟੀਕਰੀ ਪੁੱਜਿਆ। “ਅਸੀਂ ਤਾਂ ਕਪਾਹ ਚੁਗਦੇ ਸੀ ਦੋ ਦਿਨ ਛੱਡ ਕੇ ਉਰੇ ਆ ਗਏ,” ਪਿੰਡ ਮੌਜੀਆਂ ਦੇ ਲਾਲ ਸਿੰਘ ਨੇ ਦੱਸਿਆ। ਘਰ ਦੇ ਗੁਜ਼ਾਰੇ ਬਾਰੇ ਪੁੱਛਣ ਤੇ ਬੀਬੀ ਚਰਨਜੀਤ ਕੌਰ ਨੇ ਦੱਸਿਆ “ਅਸੀਂ ਤਾਂ ਪਹਿਲਾਂ ਈ ਮਰੇ ਪਏ ਤੇ। ਜੀਰੀ ਦਾ ਸੀਜ਼ਨ ਲੰਘ ਗਿਆ ਕੋਰੋਨਾ ’ਚ। ਬਿਜਲੀ ਦੇ ਬਿੱਲ ਬੜੇ-ਬੜੇ ਆ ਗੇ।” “ਬਿਜਲੀ ਤਾਂ ਅਜੇ ਲੱਕ ਤੋੜੂ,” ਲਾਲ ਸਿੰਘ ਜੀ ਕਹਿਣ ਲੱਗੇ, “ਅਸੀਂ ਤਾਂ ਬਾਈ ਕਿਸਾਨਾਂ ਨਾਲ ਆਏ ਆਂ, ਜੇ ਕਿਸਾਨੀ ਨਾ ਰਹੀ ਤਾਂ ਸਾਡਾ ਵੀ ਕੁਸ਼ ਨੀ ਰਹਿਣਾ।” ਉਨ੍ਹਾਂ ਨੂੰ ਤਿੰਨ ਕਿਸਾਨ ਵਿਰੋਧੀ ਬਿੱਲਾਂ ਬਾਰੇ ਪੂਰੀ ਜਾਣਕਾਰੀ ਸੀ।

“ਭਾਈ, ਸਾਡੇ ਲਈ ਕੋਈ ਸਹਾਇਤਾ ਵੀ ਭੇਜੋ। ਸਰਕਾਰੀ ਸਹਾਇਤਾ ਸਾਡੇ ਤੱਕ ਨਹੀਂ ਪਹੁੰਚਦੀ,” ਚਰਨਜੀਤ ਕੌਰ ਕਹਿਣ ਲੱਗੇ। “ਇਹ ਤਾਂ ਉੱਤੇ ਈ ਕਿਤੇ ਰਹਿ ਜਾਂਦੀ ਆ,” ਲਾਲ ਸਿੰਘ ਜੀ ਨੇ ਕਿਹਾ। 27 ਦਸੰਬਰ ਦੀ ਸ਼ਾਮ ਨੂੰ ਹੀ ਉਹ ਵਾਪਸੀ ਕਰਨਗੇ। ਅਗਲੇ ਦਿਨ ਦਿਹਾੜੀ।

ਰੁਲਦੂ ਸਿੰਘ ਮਾਨਸਾ ਜੀ ਦਾ ਭਾਸ਼ਣ ਖ਼ਤਮ ਹੋਣ ’ਤੇ ਹੀ ਉਨ੍ਹਾਂ ਨੇ ਕਿਸਾਨ-ਮਜ਼ਦੂਰ ਏਕਤਾ ਨੂੰ ਸਿਰਫ਼ ਨਾਅਰੇ ਤੋਂ ਵੀ ਪਰ੍ਹੇ, ਪਿੰਡਾਂ ’ਚ ਸੱਚਮੁੱਚ ਏਕੇ ਦਾ ਹੋਕਾ ਦਿੱਤਾ।

ਕਈ ਮਜ਼ਦੂਰ ਇਕੱਲੇ ਵੀ ਆ ਰਹੇ ਹਨ। ਰਾਮੂੰਵਾਲਾ ਕਲਾਂ ਦਾ ਨੌਜਵਾਨ ਜਿੰਦੂ ਦਿਹਾੜੀਆਂ ਛੱਡ ਆਪਣੇ ਕਿਸ਼ਤਾਂ ਤੇ ਲਏ ਟ੍ਰੈਕਟਰ ਸਮੇਤ ਪਹੁੰਚਿਆ ਹੈ। ਜ਼ੀਰੇ ਤੋਂ ਇਕ ਮਜ਼ਦੂਰ ਸਾਈਕਲ ਚਲਾ ਕੇ ਆ ਰਿਹਾ ਸੀ, ਇਕ ਟੀਵੀ ਚੈਨਲ ਨਾਲ਼ ਇੰਟਰਵਿਊ ਵਿਚ ਉਸਨੇ ਕਿਹਾ ਕਿ ਮੈਨੂੰ ਗੁਰੂ ਨਾਨਕ ਨੇ ਸੱਦਿਆ ਹੈ, ਗੁਰੂ ਨਾਨਕ ਸਾਹਿਬ ਸੰਗਤ ਵਿਚ ਨਿਵਾਸ ਕਰਦੇ ਹਨ ਅਤੇ ਉਹ ਦਿਹਾੜੀਆਂ ਛੱਡ ਕੇ ਦਰਸ਼ਨ ਦੀਦਾਰ ਕਰਨ ਜਾ ਰਿਹਾ ਹੈ। ਪੱਤਰਕਾਰ ਨੇ ਕਿਹਾ ਅਸੀਂ ਤੈਨੂੰ ਕਾਰ ਵਿਚ ਲੈ ਜਾਂਦੇ ਹਾਂ ਤਾਂ ਭਾਵੁਕ ਹੋਏ ਨੇ ਕਿਹਾ ਮੈਂ ਆਪਣੇ ਬਲਬੂਤੇ ਹੀ ਜਾਂਵਾਂਗਾ। ਅਜਿਹੇ ਜਿਗਰਿਆਂ ਵਾਲ਼ੇ ਗੁਰੂ ਕੇ ਬੇਟਿਆਂ ਸਾਹਮਣੇ ਹਕੂਮਤ ਨੈਤਿਕ ਰੂਪ ਵਿਚ ਤਾਂ ਕਦੋਂ ਦੀ ਹਾਰ ਹੀ ਚੁੱਕੀ ਹੈ।

ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਉ ਦਾ ਕਹਿਣਾ ਹੈ ਕਿ “ਰੋਟੀ ਬਚਾਓ, ਜ਼ਮੀਨ ਬਚਾਓ” ਦਾ ਨਾਅਰਾ ਦੇ ਕੇ ਬੇਜ਼ਮੀਨੇ ਖੇਤ ਮਜ਼ਦੂਰਾਂ ਨੂੰ ਇਸ ਘੋਲ਼ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ ਗਿਆ ਸੀ ਅਤੇ ਉਹਨਾਂ ਦੀ ਆਸ ਤੋਂ ਵੱਧ ਮਜ਼ਦੂਰ ਇਸ ਮੋਰਚੇ ਵਿਚ ਹਾਜਰੀ ਲਾਉਣ ਲਈ ਅੱਪੜੇ। ਕਿਉਂਕਿ ਖ਼ੇਤੀ ਕਾਨੂੰਨ ਸਿਰਫ਼ ਕਿਸਾਨਾਂ ਤੇ ਹੀ ਨਹੀਂ ਪਰ ਮਜ਼ਦੂਰਾਂ ਦੀ ਰੋਟੀ ਤੇ ਵੀ ਹਮਲਾ ਹਨ। ਸਰਕਾਰੀ ਖਰੀਦ ਬੰਦ ਹੋਣ ਨਾਲ਼ ਅਨਾਜ ਮਹਿੰਗਾ ਹੋ ਜਾਵੇਗਾ। ਇਸ ਚੀਜ ਨੂੰ ਮਜ਼ਦੂਰਾਂ ਨੇ ਸਮਝਿਆ ਹੈ ਅਤੇ ਉਹ ਨਾਲ਼ ਜੁੜੇ।



Illustration by Thukral and Tagra

ਉਹਨਾਂ ਮੁਤਾਬਕ ਕਿਸਾਨ ਮਜ਼ਦੂਰ ਏਕਤਾ ਦਾ ਨਾਅਰਾ ਸਿਰਫ ਸਟੇਜ ਤਕ ਸੀਮਤ ਹੈ, ਜ਼ਮੀਨੀ ਤੌਰ ਤੇ ਏਕਤਾ ਬਣਨ ਵਿਚ ਹਲੇ ਸਮਾਂ ਲੱਗੇਗਾ। ਲੌਕਡਾਊਨ ਦੌਰਾਨ ਝੋਨਾ ਲਵਾਈ ਵੱਧ ਮੰਗਣ ਤੇ ਸਮਾਜਿਕ ਬਾਈਕਾਟ ਹੋਏ ਹਨ। ਜਦੋਂ ਵੀ ਹੱਕਾਂ ਦੀ ਮੰਗ ਕਰਦੇ ਹਨ ਖਾਸ ਤੌਰ ਤੇ ਸ਼ਾਮਲਾਟ ਦੇ ਜ਼ਮੀਨ ਵਿਚ ਬਣਦਾ ਹਿੱਸਾ ਲੈਣ ਵੇਲੇ ਪਰਚੇ ਦਰਜ ਹੁੰਦੇ ਹਨ। ਕਿਸਾਨ ਮਾਨਸਿਕਤਾ ਵਿਚ ਬਦਲਾਅ ਆਉਣ ਨਾਲ ਹੀ ਇਹ ਨਾਅਰਾ ਅਮਲੀ ਰੂਪ ਵਿਚ ਪ੍ਰਵਾਨ ਚੜ੍ਹੇਗਾ। ਇਹਨਾਂ ਵਖਰੇਵਿਆਂ ਦੇ ਬਾਵਜੂਦ ਮਜ਼ਦੂਰ ਕਿਸਾਨਾਂ ਦੇ ਨਾਲ਼ ਮੋਢੇ ਨਾਲ਼ ਮੋਢਾ ਜੋੜ ਕੇ ਖੜਨ ਲਈ ਤਿਆਰ ਹਨ।

ਉਹਨਾਂ ਇਹ ਵੀ ਕਿਹਾ ਇਸ ਮੋਰਚੇ ਨੇ ਮਜ਼ਦੂਰਾਂ ਵਿਚ ਇਹ ਵਿਸ਼ਵਾਸ਼ ਪੈਦਾ ਕੀਤਾ ਹੈ ਕਿ ਜੇ ਕਿਸਾਨ ਧੜੇਬੰਦੀਆਂ ਛੱਡ ਕੇ ਇਕੱਠੇ ਹੋ ਕੇ ਲੜ ਸਕਦੇ ਹਨ ਤਾਂ ਮਜ਼ਦੂਰ ਵੀ ਇਕੱਠੇ ਹੋ ਕੇ ਆਪਣੇ ਹੱਕ ਲੈ ਸਕਦੇ ਹਨ। ਜੇ ਮਜ਼ਦੂਰ ਇਕੱਠੇ ਹੁੰਦੇ ਹਨ ਤਾਂ ਪੰਜਾਬ ਦੇ 35 ਫ਼ੀਸਦੀ ਦਲਿਤ ਵੀ ਨਾਲ਼ ਜੁੜ ਸਕਦੇ ਹਨ। ਨਵੇਂ ਲੇਬਰ ਕਾਨੂੰਨ ਤਹਿਤ ਕੰਮ ਕਰਨ ਦੇ ਘੰਟੇ 8 ਤੋਂ 12 ਹੋ ਗਏ ਹਨ। ਪਰ ਮਿਨੀਮਮ ਵੇਜ਼ (ਘੱਟੋ ਘੱਟ ਦਿਹਾੜੀ) ਵਿਚ ਕੋਈ ਬਦਲਾਅ ਨਹੀਂ ਕੀਤਾ ਜਾ ਰਿਹਾ। ਬਹੁਤ ਸਾਰੇ ਅਦਾਰਿਆਂ ਵਿਚ ਯੂਨੀਅਨ ਬਣਾਉਣ ਅਤੇ ਹੜਤਾਲ ਕਰਨ ਦਾ ਹੱਕ ਖੋ ਲਿਆ ਗਿਆ ਹੈ। ਲੇਬਰ ਕਾਨੂੰਨ ਦੇ ਰੱਦ ਕਰਨ ਦੀ ਮੰਗ ਨੂੰ ਵੀ ਜੋੜ ਲਿਆ ਜਾਂਦਾ ਤਾਂ ਮਜ਼ਦੂਰ ਜਥੇਬੰਦੀਆਂ 2-3 ਦਿਨਾਂ ਦੀ ਸ਼ਮੂਲੀਅਤ ਦੇ ਥਾਂ ਲੰਬੀ ਅਤੇ ਵੱਡੇ ਪੱਧਰ ਤੇ ਜੁੜ ਸਕਦੇ ਹਨ। ਸਨਅਤੀ ਮਜ਼ਦੂਰ ਨਾਂ ਸਿਰਫ ਦਲਿਤ ਭਾਈਚਾਰੇ ਵਿਚੋਂ ਨੇ ਬਲਕਿ ਗਰੀਬ ਕਿਸਾਨੀ ਵਿਚੋਂ ਵੀ ਹਨ। ਇਹ ਅਧਿਕਾਰ ਜ਼ਮਹੂਰੀਅਤ ਬਰਕਰਾਰ ਰੱਖਣ ਲਈ ਬਹੁਤ ਜਰੂਰੀ ਹਨ।

ਉਹਨਾਂ ਵਿਸ਼ਵਾਸ਼ ਜ਼ਾਹਿਰ ਕੀਤਾ ਇਹ ਘੋਲ ਬਹੁਤ ਵਧੀਆ ਪਾਸੇ ਜਾ ਰਿਹਾ। ਲੋਕਾਂ ਵਿਚ ਦ੍ਰਿੜਤਾ ਅਤੇ ਸਾਂਝ ਵਧ ਰਹੀ ਹੈ। ਸਿਆਸੀ ਚੇਤਨਾ ਪ੍ਰਬਲ ਹੋ ਰਹੀ ਹੈ। ਲੋਕਾਂ ਨੂੰ ਇਹ ਪਤਾ ਲੱਗ ਗਿਆ ਹੈ ਕਿ ਸਾਰੀਆਂ ਹੁਕਰਮਾਨ ਪਾਰਟੀਆਂ ਦੀਆਂ ਨੀਤੀਆਂ ਇੱਕੋ ਹਨ। ਇਹ ਘੋਲ਼ ਆਉਣ ਵਾਲੇ ਸਮੇ ਵਿਚ ਸਿਆਸੀ ਅਤੇ ਸਮਾਜੀ ਤਬਦੀਲੀ ਦੇ ਬੀਜ ਬੋ ਰਿਹਾ ਹੈ।

**ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥**

**ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥**

‘‘ਬੇ.ਗ਼ਮਪੁਰਾ ਸ਼ਹਿਰ ਵਿੱਚ ਨਾਂ ਕੋਈ ਦੁੱਖ ਹੈ, ਨਾਂ ਚਿੰਤਾ ਹੈ। ਉਥੇ ਕੋਈ ਘਬਰਾਹਟ, ਕੋਈ ਮਸੂ.ਲ - ਟੈਕਸ ਜਾਂ ਕੋਈ ਨਿੱਜੀ ਜਾਇਦਾਦ ਨਹੀਂ ਹੈ । ਉਥੇ ਕੋਈ ਗ਼ਲਤੀ ਹੋਣ ਦਾ ਡਰ ਜਾਂ ਘਾਟਾ ਪੈਣ ਦਾ ਡਰ ਨਹੀ ਹੈ” - **ਭਗਤ ਰਵਿਦਾਸ**

## ਸੰਪਾਦਕੀ

26 ਦਸੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨਾਂ ਦੇ ਖਾਤਿਆਂ ਵਿਚ ਕੁਝ ਪੈਸੇ ਪਵਾ ਕੇ ਕਿਸਾਨ ਮੋਰਚੇ ਦੇ ਦੇਸ਼ ਵਿਆਪੀ ਫੈਲਾਅ ਨੂੰ ਠੱਲਣ ਦੀ ਕੋਸ਼ਿਸ਼ ਕੀਤੀ। 27 ਦਸੰਬਰ ਨੂੰ ਪ੍ਰਧਾਨ ਮੰਤਰੀ ਦੀ ‘ਮਨ ਕੀ ਬਾਤ’ ਕਿਸਾਨਾਂ ਨੇ ਥਾਲੀਆਂ ਵਜਾ ਕੇ ਅਣਸੁਣੀ ਕੀਤੀ। 26-27 ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ ਸਿੰਘੂ ਅਤੇ ਟੀਕਰੀ ਮੋਰਚਿਆਂ ਉੱਤੇ ਮਨਾਏ ਗਏ। ਸਰਕਾਰ ਵੱਲੋਂ ਕੀਤੀ ਗੱਲਬਾਤ ਦੀ ਪੇਸ਼ਕਸ਼ ਦੇ ਜਵਾਬ ਵਿਚ ਕਿਸਾਨਾਂ ਨੇ 29 ਦਸੰਬਰ ਤਰੀਕ ਸੁਝਾਈ ਸੀ । ਸਰਕਾਰ ਨੇ ਕਿਹਾ 30 ਦਸੰਬਰ ਨੂੰ ਮਿਲਣ ਦਾ ਸੱਦਾ ਦਿੱਤਾ। ਸਰਕਾਰ ਦੀ ਰਮਜ਼ ਸਮਝਦਿਆਂ ਕਿਸਾਨਾਂ ਨੇ 31 ਦਸੰਬਰ ਨੂੰ ਸਿੰਘੂ ਤੋਂ ਟੀਕਰੀ ਤੋਂ ਸ਼ਾਹਜਹਾਂਪੁਰ ਮੋਰਚੇ ਤੱਕ ਟ੍ਰੈਕਟਰ-ਰੈਲੀ ਕਰਨ ਦਾ ਅਤੇ ਹਰੇਕ ਜਣੇ ਨੂੰ ਨਵਾਂ ਸਾਲ ਕਿਸਾਨਾਂ ਨਾਲ਼ ਮੋਰਚੇ ‘ਤੇ ਮਨਾਉਣ ਦਾ ਸੱਦਾ ਵੀ ਦਿੱਤਾ ਹੈ।

ਕੌਮੀ ਮੀਡੀਆ ਆਪਣੇ ਭੰਡੀ ਪ੍ਰਚਾਰ ਵਿਚ ਲੱਗਿਆ ਹੋਇਆ ਹੈ। ਪਹਿਲਾਂ ਉਹ ਕਿਸਾਨਾਂ ਨੂੰ ਖ਼ਾਲਿਸਤਾਨੀ ਦੱਸ ਰਹੇ ਸਨ। ਹੁਣ ਉਹ ਕਿਸਾਨ ਮੋਰਚੇ ਵਿਚ ਸੇਵਾ ਕਰ ਰਹੀ ਜਥੇਬੰਦੀ ‘ਖਾਲਸਾ-ਏਡ’ ਨੂੰ ਖ਼ਾਲਿਸਤਾਨੀ ਦੱਸ ਰਹੇ ਹਨ। ਭਾਜਪਾ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ ਤੇ ਚੱਲਣ ਵਾਲ਼ੇ ਮੀਡੀਆ ਦਾ ਪਰਦਾਫਾਸ਼ ਅੰਦੋਲਨਕਾਰੀਆਂ ਨੇ ਬੜੇ ਸੁਚੱਜੇ ਢੰਗ ਨਾਲ਼ ਕੀਤਾ ਹੈ। ਮੋਰਚੇ ਵਿਚ ਆਉਣ ਤੇ ਭਾਜਪਾ ਪੱਖੀ ਮੀਡੀਆ ਦਾ ਵਿਰੋਧ ‘ਗੋਦੀ ਮੀਡੀਆ ਮੁਰਦਾਬਾਦ’ ਦੇ ਨਾਅਰਿਆਂ ਨਾਲ ਹੁੰਦਾ ਹੈ। ਉਹਨਾਂ ਨੂੰ ਹੁਣ ਆਪਣੇ ਚੈਨਲਾਂ ਦੇ ਲੋਗੋ ਲੁਕੋ ਕੇ ਮੋਰਚੇ ਵਿਚ ਆਉਣਾ ਪੈ ਰਿਹਾ ਹੈ। ਪਿਛਲੇ ਦਿਨੀਂ ‘ਫਿੱਕੀ’ ( ਵੱਡੇ ਵਪਾਰੀਆਂ ਅਤੇ ਸਨਅਤਕਾਰਾਂ ਦੀ ਫੈਡਰੇਸ਼ਨ) ਦੇ ਪ੍ਰਧਾਨ ਉਦੈ ਸ਼ੰਕਰ ਨੇ ਬਿਆਨ ਦਿੱਤਾ ਕੇ ਸਨਅਤਕਾਰਾਂ ਨੂੰ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਨਿੱਤਰਨਾ ਚਾਹੀਦਾ ਹੈ। ਸਾਫ਼ ਪਤਾ ਲੱਗਦਾ ਹੈ ਕਿ ਖ਼ੇਤੀ ਕਾਨੂੰਨ ਕਿਸਾਨ ਪੱਖੀ ਨਹੀਂ, ਸਨਅਤਕਾਰ ਪੱਖੀ ਹਨ।

ਨੋਟਬੰਦੀ, ਜੀ.ਐੱਸ.ਟੀ. , ਕੋਰੋਨਾ-ਤਾਲਾਬੰਦੀ ਵਰਗੀਆਂ ਕਾਲੀਆਂ ਕਰਤੂਤਾਂ ਨਾਲ਼ ਅਰਥਚਾਰੇ ਦੀ ਕੀਤੀ ਬਦਹਾਲੀ ਦਾ ਇਲ਼ਾਜ ਕੇਂਦਰ ਸਰਕਾਰ ਨੇ ਇਹ ਲੱਭਿਆ ਹੈ ਕਿ ਖੇਤੀਬਾੜੀ ਖੇਤਰ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਦਿੱਤਾ ਜਾਵੇ। ਕਿਸਾਨ ਮੋਰਚੇ ਦੇ ਆਗੂ ਕੁਲਵੰਤ ਸਿੰਘ ਸੰਧੂ ਦੇ ਕਹਿਣ ਮੁਤਾਬਕ ਕੀ ਸਰਕਾਰ ਦਾ ਕੰਮ ਸਿਰਫ਼ ਕੁੱਟ-ਮਾਰ ਕੇ ਰਾਜ ਕਰਨ ਦਾ ਰਹਿ ਗਿਆ ਹੈ ਅਤੇ ਜੇ ਸਹੂਲਤਾਂ ਦੇਣ ਦੀ ਥਾਂ ਲੋਕਾਂ ਕੋਲ ਜੋ ਹੈ ਉਸਨੂੰ ਧਨਾਢਾਂ ਹਵਾਲੇ ਕਰ ਕੇ ਆਪ ਲਾਂਭੇ ਹੋ ਜਾਣਾ ਹੈ ਤਾਂ ਸਰਕਾਰ ਸਾਡੇ ਕਿਸ ਕੰਮ ਦੀ ਹੈ?

ਲੋਕ ਇਹਨਾਂ ਚਾਲਾਂ ਤੋਂ ਚੰਗੀ ਤਰਾਂ ਜਾਣੂ ਹੋ ਗਏ ਹਨ ਅਤੇ ਉਹਨਾਂ ਦੇ ਰੋਹ ਦਾ ਨਿਸ਼ਾਨਾਂ ਨਾਂ ਸਿਰਫ਼ ਭਾਜਪਾ ਦੇ ਨੁਮਾਇੰਦੇ ਬਲ ਕਿ ਰਿਲਾਇੰਸ ਕੰਪਨੀ ਦੇ ਮੋਬਾਈਲ ਟਾਵਰ ਵੀ ਬਣਨ ਲੱਗੇ ਹਨ। ਮੋਰਚੇ ਵਿਚ ਹੀ ਲੱਗਿਆ ਇਕ ਪੋਸਟਰ ਇਸ ਰੋਹ ਦੀ ਤਰਜ਼ਮਾਨੀ ਕਰਦਾ ਕਹਿ ਰਿਹਾ ਸੀ ਕਿ ਅਸੀਂ ਖ਼ਾਲਿਸਤਾਨ ਬਣਵਾਉਣ ਲਈ ਨਹੀਂ ਸਗੋਂ ਮੁਲਕ ਨੂੰ ਅੰਬਾਨੀਸਤਾਨ ਅਤੇ ਅਦਾਨੀਸਤਾਨ ਬਣਨ ਤੋਂ ਰੋਕਣ ਲਈ ਸੜਕਾਂ ਤੇ ਡਟੇ ਹੋਏ ਹਾਂ। ਇਹਨਾਂ ਘਟਨਾਵਾਂ ਤੋਂ ਸੰਕੇਤ ਇਹੀ ਮਿਲ ਰਿਹਾ ਹੈ ਕਿ ਅੰਦੋਲਨ ਦਾ ਹੋਰ ਤਿੱਖਾ ਹੋਣਾ ਅਤੇ ਇਸ ਵਿਚ ਜੁੜ ਰਹੇ ਲੋਕਾਂ ਦਾ ਵਾਧਾ ਲਾਜ਼ਮੀ ਹੈ।



# ਖ਼ਿੱਤੇ ਦੀ ਸਾਂਝੀ ਜੁਝਾਰੂ ਵਿਰਾਸਤ

ਜਤਿੰਦਰ ਮੌਹਰ, ਟੀਕਰੀ ਮੋਰਚਾ

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਾਡੇ ਚੇਤਿਆਂ ਵਿੱਚ ਮਨੁੱਖੀ ਹਮਦਰਦੀ ਅਤੇ ਦਰਦਮੰਦੀ ਦੇ ਨੁਮਾਇੰਦੇ ਸ਼ੇਰ ਮੁਹੰਮਦ ਖ਼ਾਨ ਮਲੇਰਕੋਟਲਾ ਅਤੇ ਬੱਚਿਆਂ ਦੇ ਅੰਤਮ-ਸੰਸਕਾਰ ਲਈ ਸਭ ਕੁਝ ਦਾਅ ਉੱਤੇ ਲਾਉਣ ਵਾਲੇ ਟੋਡਰ ਮੱਲ ਨੂੰ ਯਾਦ ਕਰਵਾਉਂਦੀ ਹੈ। ਬਾਬਾ ਬੰਦਾ ਬਹਾਦਰ ਸ਼ਿਕਾਰੀ ਤੋਂ ਵੈਰਾਗੀ ਬਣਿਆ। ਬਾਲਾਂ ਉੱਤੇ ਹੋਏ ਤਸ਼ੱਦਦ ਦੀ ਦਾਸਤਾਨ ਨੇ ਉਸ ਦੇ ਵੈਰਾਗੀ ਮਨ ਅਤੇ ਸ਼ਿਕਾਰ ਦੇ ਹੁਨਰ ਵਿਚਕਾਰ ਕਿਹੋ-ਜਿਹਾ ਸੰਵਾਦ ਛੇੜਿਆ ਹੋਵੇਗਾ? ਤਵਾਰੀਖ਼ ਦਰਜ ਕਰਦੀ ਹੈ ਕਿ ਬੰਦਾ ਬਹਾਦਰ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੂੰ ਇਕੱਠੇ ਕਰਦਾ ਹੋਇਆ ਮੌਜੂਦਾ ਹਰਿਆਣੇ ਦੀ ਧਰਤੀ ਉੱਤੇ ਪਹੁੰਚਿਆ ਸੀ। ਇਹੀ ਉਹ ਇਲਾਕਾ ਹੈ ਜਿੱਥੇ ਅੱਜ ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਮਹਾਰਾਸ਼ਟਰ ਅਤੇ ਹੋਰ ਸੂਬਿਆਂ ਦੇ ਕਿਰਤੀ-ਕਿਸਾਨ ਭਾਜਪਾ ਦੀ ਕੇਂਦਰੀ ਅਤੇ ਸੂਬਾਈ ਹਕੂਮਤਾਂ ਖ਼ਿਲਾਫ਼ ਮੋਰਚਾ ਵਿੱਢੀ ਬੈਠੇ ਹਨ। ਇਸ ਧਰਤੀ ਨੇ ਸੰਨ 1669-70 ਵਿੱਚ ਸਤਨਾਮੀਆਂ ਦੀ ਔਰੰਗਜ਼ੇਬ ਦੇ ਖ਼ਿਲਾਫ਼ ਬਗ਼ਾਵਤ ਦੇਖੀ ਸੀ। ਇਸ ਖ਼ਿੱਤੇ ਵਿੱਚ ਮੇਵਾਤੀ, ਸਤਨਾਮੀ, ਜਾਟ ਅਤੇ ਹੋਰ ਲੋਕ ਲਗਾਤਾਰ ਬਗ਼ਾਵਤਾਂ ਕਰਦੇ ਰਹੇ। ਬਾਬੇ ਬੰਦਾ ਦਾ ਮਨੋਵੇਗ ਅਤੇ ਇਸ ਖ਼ਿੱਤੇ ਦੇ ਲੋਕਾਂ ਦਾ ਸੁਭਾਅ ਇੱਕ ਮੁਹਿੰਮ ਵਿੱਚ ਸਹਿਜੇ ਹੀ ਇੱਕਸੁਰ ਹੋ ਗਏ। ਮੁਗ਼ਲਾਂ ਨੂੰ ਭੇਜੀ ਰਪਟ ਵਿੱਚ ਸਰਕਾਰ ਦੇ ਸੂਹੀਏ ਨੇ ਲਿਖਿਆ ਹੈ ਕਿ ਬੰਦਾ ਬਹਾਦਰ ਦੀ ਫ਼ੌਜ ਵਿੱਚ ਪੰਜ ਹਜ਼ਾਰ ਤੋਂ ਵੱਧ ਮੁਸਲਮਾਨ ਹਨ। ਸਤਲੁਜ ਤੋਂ ਜਮਨਾ ਦਰਿਆ ਤੱਕ ਦਾ ਖ਼ਿੱਤਾ ਮੁਕਤੀ ਫ਼ੌਜ ਦੇ ਅਸਰ ਹੇਠ ਆ ਗਿਆ। ਮੁਕਤ ਹੋਈ ਧਰਤੀ ਦੇ ਹਲਵਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਗਿਆ।

ਹਰਿਆਣਾ ਦੇ ਲੋਕਾਂ ਨੇ ਨਾਬਰੀ ਦੀ ਰਵਾਇਤ ਨੂੰ ਅੱਗੇ ਵਧਾਉਂਦੇ ਹੋਏ 1857 ਦੇ ਗ਼ਦਰ ਵਿੱਚ ਅੰਗਰੇਜ਼ਾਂ ਨਾਲ ਦਸਤਪੰਜਾ ਲਿਆ। ਇਨ੍ਹਾਂ ਗ਼ਦਰੀਆਂ ਵਿੱਚ ਮੇਵਾਤ ਦੇ ਸਦਰੂਦੀਨ ਮੇਵਾਤੀ, ਰਿਵਾੜੀ ਦੇ ਰਾਓ ਤੁੱਲਾ ਰਾਮ, ਪਾਣੀਪਤ ਦੇ ਇਮਾਮ ਕਲੰਦਰੀ, ਝੱਜਰ ਦੇ ਅਬਦਸ ਸਮਦ ਖਾਨ, ਕਰਨਾਲ ਦੇ ਰਾਮੋ ਜਾਟ ਅਤੇ ਹਿਸਾਰ ਦੇ ਮੁਹੰਮਦ ਅਜ਼ੀਮ ਦਾ ਨਾਮ ਆਉਂਦਾ ਹੈ। ਫਕੀਰ ਸ਼ਾਮ ਦਾਸ ਨੇ ਜੀਂਦ, ਨਾਭਾ ਰਿਆਸਤ ਅਤੇ ਅੰਗਰੇਜ਼ਾਂ ਦੀ ਸਾਂਝੀ ਫ਼ੌਜ ਨੂੰ ਟੱਕਰ ਦਿੱਤੀ। ਨਾਦਰ ਸ਼ਾਹ ਦੇ ਹਮਲੇ ਸਮੇਂ ਰੋਹਤਕ ਨੇੜੇ ਪਿੰਡ ਬੋਹੜ ਵਿੱਚ ਕੰਨਪਾਟੇ ਜੋਗੀਆਂ ਨੇ ਨਾਦਰ ਸ਼ਾਹ ਨੂੰ ਵੱਡੀ ਟੱਕਰ ਦਿੱਤੀ ਸੀ।

ਨਾਬਰੀ ਅਤੇ ਦਰਦਮੰਦੀ ਇਸ ਖ਼ਿੱਤੇ ਦੀ ਸਾਂਝੀ ਅਤੇ ਸੱਚੀ ਵਿਰਾਸਤ ਹੈ ਜੋ ਜਮਹੂਰੀਅਤ ਦੀ ਲੜਾਈ ਨੂੰ ਆਖ਼ਰੀ ਬੰਦੇ ਤੱਕ ਇਨਸਾਫ਼ ਪਹੁੰਚਾਉਣ ਤੱਕ ਲੜੇ ਜਾਣ ਦਾ ਇਸ਼ਾਰਾ ਕਰਦੀ ਹੈ। ਜਦੋਂ ਅਸੀਂ ਬੰਦਾ ਬਹਾਦਰ ਅਤੇ ਵਜ਼ੀਰ ਖ਼ਾਨ ਵਿੱਚੋਂ ਆਪਣੀ ਸਮਝ ਮੁਤਾਬਕ ਬੰਦਾ ਬਹਾਦਰ ਦੀ ਵਿਰਾਸਤ ਨੂੰ ਅੱਗੇ ਤੋਰਨ ਦਾ ਫ਼ੈਸਲਾ ਕਰਦੇ ਹਾਂ। ਭਾਜਪਾਈ ਅਤੇ ਸੰਘੀ ਸਿਆਸਤ ਵਜ਼ੀਰ ਖ਼ਾਨ ਦੀ ਵਿਰਾਸਤ ਹੈ ਜਿਹਨੇ ਆਮ ਸ਼ਹਿਰੀਆਂ ਦੇ ਹਕੂਕ ਖੋਹਣ ਦਾ ਤਹੱਈਆ ਕੀਤਾ ਹੋਇਆ ਹੈ। ਇਹ ਜ਼ਹਿਰੀਲੀ ਸਿਆਸਤ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦੀ ਹੈ। ਇਹ ਸਮੂਹ ਕਿਰਤੀ-ਕਾਮਿਆਂ ਦੀ ਲੁੱਟ ਦਾ ਰਾਹ ਮੋਕਲਾ ਕਰਦੀ ਹੈ।

ਸਿੰਘੂ, ਟਿਕਰੀ, ਗਾਜ਼ੀਪੁਰ ਅਤੇ ਹੋਰ ਹੱਦਾਂ ਉੱਤੇ ਡਟੇ ਲੋਕਾਂ ਦੀ ਵਿਰਾਸਤ ਦਾ ਜੋੜ-ਮੇਲ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦੇ ਸ਼ਹੀਦ ਹੋਏ ਪੁੱਤਾਂ, ਬਾਬੇ ਬੰਦੇ ਅਤੇ ਉਹਦੇ ਸਾਥੀਆਂ ਦੀ ਵਿਰਾਸਤ ਨਾਲ ਹੈ। ਇਹ ਵਿਰਾਸਤ ਹਰਿਆਣੇ ਦੇ ਨਾਬਰ ਲੋਕਾਂ ਦੀ ਹੈ ਜਿਹੜੇ ਬਾਬੇ ਬੰਦੇ ਦੀ ਬਾਂਹ ਬਣੇ ਅਤੇ ਜਾਬਰ ਹਕੂਮਤਾਂ ਦੇ ਖ਼ਿਲਾਫ਼ ਜੂਝਦੇ ਰਹੇ। ਜਦੋਂ ਇਸੇ ਹਰਿਆਣਾ ਦੇ ਲੋਕ ਪੰਜਾਬ ਵਿੱਚੋਂ ਆਉਂਦੇ ਰੋਹ ਦੇ ਕਾਫ਼ਲਿਆਂ ਦੇ ਰਾਹ ਦੀਆਂ ਰੋਕਾਂ ਤੋੜਦੇ ਹਨ, ਉਨ੍ਹਾਂ ਦੇ ਲੰਗਰ ਅਤੇ ਰਿਹਾਇਸ਼ ਦਾ ਇੰਤਜ਼ਾਮ ਕਰਦੇ ਹਨ ਤਾਂ ਇਹ ਆਪਣੇ ਲੋਕ ਪੱਖੀ ਇਤਿਹਾਸ ਨੂੰ ਦੁਹਰਾ ਰਹੇ ਹਨ। ਇਹ ਜਿਵੇਂ ਬਗ਼ਾਵਤਾਂ ਵਿੱਚ ਜੁੜਦੇ ਆਏ ਹਨ, ਉਵੇਂ ਹੀ ਇਹ ਮੁੜ ਜੁੜੇ ਹਨ। ਨਤੀਜੇ ਵਜੋਂ ਬੋਲੀ, ਮਜ਼ਹਬ ਅਤੇ ਸੂਬਾਬੰਦੀ ਦੀਆਂ ਵੰਡੀਆਂ ਕਾਫ਼ੂਰ ਹੋ ਗਈਆਂ ਹਨ। ਇਨ੍ਹਾਂ ਵੰਡੀਆਂ ਉੱਤੇ ਟਿਕੀ ਸਿਆਸਤ ਮੌਜੂਦਾ ਮੋਰਚੇ ਦੇ ਅੰਦਰ-ਬਾਹਰ ਅੱਚੋਤਾਣ ਹੋਈ ਹੈ।

ਨਿਮਾਣੇ ਅਤੇ ਨਿਤਾਣੇ ਲੋਕਾਂ ਨੇ ਇਹ ਦੁਨੀਆ ਤਿਲ-ਤਿਲ, ਪਲ-ਪਲ ਸਿਰਜੀ ਹੈ। ਫ਼ਸਲਾਂ ਤੋਂ ਲੈ ਕੇ ਇਮਾਰਤਾਂ ਤੱਕ ਦਾ ਸਮੁੱਚਾ ਪਸਾਰਾ ਲੋਕਾਈ ਦੀ ਕਿਰਤ ਦੀ ਕੀਰਤੀ ਹੈ। ਲੋਕਾਂ ਨੇ ਅੱਜ ਤੱਕ ਆਪਣੀ ਕਲਾ ਵਰਤਾਈ ਹੈ ਅਤੇ ਵਰਤਾਉਂਦੇ ਰਹਿਣਗੇ। ਇਹ ਕਲਾ ਆਵਾਮ ਦੇ ਘੋਲਾਂ ਵਿੱਚ ਵਰਤਦੀ ਹੈ, ਕਿਰਤੀ ਦੇ ਮੁੜਕੇ ਵਿੱਚ ਵਰਤਦੀ ਹੈ, ਸਾਂਝ ਦੇ ਹਰ ਉੱਦਮ ਵਿੱਚ ਵਰਤਦੀ ਹੈ, ਸੁਰਤ ਦੀ ਹਰ ਤੰਦ ਵਿੱਚ ਵਰਤਦੀ ਹੈ।




# ਬੁਰਾੜੀ ਮੈਦਾਨ ਵਾਲੇ

ਸਰਮਨ

"25 ਨਵੰਬਰ ਨੂੰ ਜਦ ਅਸੀਂ ਪਿੰਡਾਂ ਤੋਂ ਚੱਲੇ ਸੀ ਤਾਂ ਸੋਚਿਆ ਨਹੀਂ ਸੀ ਕਿ ਇਹ ਸੰਘਰਸ਼ ਇਤਨਾ ਵੱਡਾ ਰੂਪ ਧਾਰ ਲਵੇਗਾ, ਇਤਨਾ ਲੰਬਾ ਤੇ ਸ਼ਾਂਤਮਈ ਤਰੀਕੇ ਨਾਲ ਚੱਲੇਗਾ ਅਤੇ ਲੋਕਾਂ ਦਾ ਸਹਿਯੋਗ ਵੀ ਇੰਨਾ ਜਿਆਦਾ ਮਿਲੇਗਾ। ਅਸੀਂ ਤੁਰੇ ਅਤੇ ਟੀਕਰੀ ਬਾਰਡਰ ਰਾਹੀਂ ਦਿੱਲੀ ਵਿੱਚ ਦਾਖਿਲ ਹੋਏ। ਅਸੀਂ ਪਿੱਛਿਓਂ ਹੀ ਹਰਿਆਣੇ ਵਿੱਚ ਲਗਾਈਆਂ ਰੋਕਾਂ ਤੋੜਦੇ ਆ ਰਹੇ ਸੀ ਅਤੇ ਇਸੇ ਤਰਾਂ ਟੀਕਰੀ ਬਾਰਡਰ ਤੇ ਲੱਗੀ ਰੋਕ ਤੋੜ ਕੇ ਦਿੱਲੀ ਵਿੱਚ ਦਾਖਲ ਹੋਏ। ਅਸੀਂ ਇਸ ਦੁਵਿਧਾ ਵਿੱਚ ਬਰਾੜੀ ਮੈਦਾਨ ਵਿੱਚ ਆ ਕੇ ਇਕੱਠੇ ਹੋ ਗਏ ਕਿ ਸਾਰੇ ਕਿਸਾਨ ਇੱਥੇ ਹੀ ਇਕੱਠੇ ਹੋ ਰਹੇ ਹਨ। ਪਰ ਜਦ ਅਸੀਂ ਇੱਥੇ ਪਹੁੰਚੇ ਤਾਂ ਸਾਨੂੰ ਗੜਬੜੀ ਲੱਗੀ ਅਤੇ ਅਸੀਂ ਆਪਣੇ ਪਿਛਲੇ ਸਾਥੀਆਂ ਨੂੰ ਸੂਚਿਤ ਕੀਤਾ ਅਤੇ ਇੱਥੇ ਆਉਣ ਤੋਂ ਮਨ੍ਹਾ ਕੀਤਾ। ਪਰ ਅਸੀਂ ਇੱਥੇ ਹੀ ਰਹਿ ਗਏ।

ਗੱਲ ਇਹ ਵੀ ਹੋਈ ਹੈ ਕਿ ਸਰਕਾਰ ਨੇ ਸਾਡੇ ਦਿੱਲੀ ਵਿੱਚ ਦਾਖਲ ਹੋਣ ਤੇ ਰੋਕ ਲਗਾਈ ਸੀ ਪਰ ਅਸੀਂ ਉਹ ਰੋਕ ਭੰਨ ਕੇ ਦਿੱਲੀ ਵਿੱਚ ਦਾਖ਼ਲ ਹੋਏ ਤੇ ਸਰਕਾਰ ਦੀ ਹਿੱਕ ਤੇ ਆਣ ਕੇ ਕਿਸਾਨੀ ਦਾ ਝੰਡਾ ਗੱਡ ਕੇ ਦੱਸਿਆ ਹੈ ਕਿ ਇਸ ਰੋਹ ਨੂੰ ਕੋਈ ਸਰਕਾਰੀ ਤਾਕਤ ਰੋਕ ਨਹੀਂ ਸਕਦੀ। ਹੁਣ ਅਸੀਂ ਆਪਣਾ ਡੇਰਾ ਇਸ ਮੈਦਾਨ ਵਿੱਚ ਲਗਾਇਆ ਹੈ, ਜੋ ਸਾਡੀ ਦਿੱਲੀ ਦੇ ਅੰਦਰ ਦੀ ਹਾਜਰੀ ਦਾ ਪ੍ਰਤੀਕ ਹੈ, ਸਾਡੇ ਡੇਰੇ ਦੀ ਨਿਸ਼ਾਨੀ ਹੈ।"

ਅਜਿਹਾ ਕਹਿਣਾ ਸੀ ਬੁਰਾੜੀ ਮੈਦਾਨ ਵਿੱਚ ਬੈਠੇ ਕਿਸਾਨ ਵੀਰਾਂ ਦਾ।

ਪੈਂਤੀ ਦੇ ਕਰੀਬ ਟਰੈਕਟਰ-ਟਰਾਲੀਆਂ ਨਾਲ ਕਿਸਾਨਾਂ ਨੇ ਇਸ ਮੈਦਾਨ ਵਿੱਚ ਆਪਣਾ ਡੇਰਾ ਲਗਾਇਆ ਹੋਇਆ ਹੈ। ਇੱਥੋਂ ਦੀ ਰੋਜ਼ਮਰਾ ਦੀ ਜਿੰਦਗੀ ਵੀ ਦਿੱਲੀ ਦੀਆਂ ਬਾਕੀ ਹੱਦਾਂ ਉੱਪਰ ਚੱਲ ਰਹੇ ਸੰਘਰਸ਼ ਤੋਂ ਬਹੁਤੀ ਵੱਖਰੀ ਨਹੀਂ ਹੈ। ਇੱਥੇ ਦਿੱਲੀ ਵਿੱਚੋਂ ਵੀ ਸੰਗਤ ਆਉਂਦੀ ਹੈ,ਜੋ ਸਵੇਰ ਜਾਂ ਬਾਕੀ ਸਮੇਂ ਲੰਗਰ ਦੀ ਸੇਵਾ ਕਰਦੀ ਹੈ। ਪਰ ਜ਼ਿਆਦਾਤਰ ਇੱਥੇ ਬੈਠੇ ਕਿਸਾਨਾਂ ਵੱਲੋਂ ਖੁਦ ਹੀ ਆਪਣਾ ਲੰਗਰ ਤਿਆਰ ਕੀਤਾ ਜਾਂਦਾ ਹੈ ਤੇ ਇਕੱਠੇ ਬਹਿ ਕੇ ਛਕਦੇ ਹਨ।

ਦਿਨ ਵੇਲੇ ਕਈ ਪੱਤਰਕਾਰ ਵੀ ਆਉਂਦੇ ਅਤੇ ਇਹਨਾ ਨਾਲ ਸਵਾਲ ਜਵਾਬ ਕੀਤੇ ਜਾਂਦੇ ਹਨ । ਜਿਆਦਾਤਰ ਸਮਾਂ ਆਪਸੀ ਚਰਚਾ ਜਾਂ ਸੇਵਾ ਵਿੱਚ ਗੁਜ਼ਰਦਾ ਹੈ। ਕਿਸਾਨ ਵੀਰਾਂ ਮੌਕੇ ਮੌਕੇ ਤੇ ਇਸ ਮੈਦਾਨ ਵਿੱਚੋਂ ਬਾਹਰ ਜਾਂਦੇ ਹਨ ਅਤੇ ਸਰਕਾਰ ਖਿਲਾਫ ਸ਼ਾਂਤਮਈ ਰੋਸ ਪ੍ਰਦਰਸ਼ਨ ਵੀ ਕਰਦੇ ਹਨ, ਜਿਵੇਂ ਕੁੱਝ ਦਿਨ ਪਹਿਲਾਂ ਹੀ ਉਹਨਾਂ ਕੱਪੜੇ ਉਤਾਰ ਕੇ ਪ੍ਰਦਰਸ਼ਨ ਕੀਤਾ ਸੀ। ਅਜਿਹਾ ਪ੍ਰਦਰਸ਼ਨ ਉਹਨਾ ਅਨੁਸਾਰ ਕਾਫੀ ਵਾਰ ਕੀਤਾ ਗਿਆ ਹੈ।

ਇੱਥੇ ਵੀ ਬਾਕੀ ਸਰਹੱਦਾਂ ਦੇ ਧਰਨਿਆਂ ਵਾਂਗ ਜੱਥੇ ਬਦਲਦੇ ਰਹਿੰਦੇ ਹਨ। ਇੱਥੋਂ ਦੇ ਕਿਸਾਨਾਂ ਸਾਨੂੰ ਇਹ ਵੀ ਦੱਸਿਆ ਕਿ ਸਰਕਾਰ ਨੇ ਬਾਕੀ ਕਿਸਾਨਾਂ ਅਤੇ ਸਾਡੇ ਲਈ ਵੀ ਕਈ ਸਹੂਲਤਾਂ ਜਿਵੇਂ ਖਾਣ ਪੀਣ ਅਤੇ ਰਹਿਣ ਆਦਿ ਦਾ ਪ੍ਰਬੰਧ ਕੀਤਾ ਸੀ ਪਰ ਅਸੀਂ ਕੋਈ ਸਰਕਾਰੀ ਸਹੂਲਤ ਸਵੀਕਾਰ ਨਹੀਂ ਕੀਤੀ ਅਤੇ ਜਿਸ ਕਰਕੇ ਉਹਨਾਂ ਸਿਆਸੀ ਪਾਰਟੀਆਂ ਨੂੰ ਆਪਣਾ ਪ੍ਰਬੰਧ ਵਾਪਿਸ ਲਿਜਾਣਾ ਪਿਆ। ਭਾਵੇਂ ਬਹੁਤੇ ਲੋਕਾਂ ਦਾ ਧਿਆਨ ਦਿੱਲੀ ਦੀਆਂ ਸਰਹੱਦਾਂ ਤੇ ਚੱਲ ਰਹੇ ਸੰਘਰਸ਼ ਤੇ ਹੀ ਜਿਆਦਾ ਜਾਂਦਾ ਹੈ ਪਰ ਬਹੁਤੀਆਂ ਨਜ਼ਰਾਂ ਤੋਂ ਓਹਲੇ, ਇਸ ਮੈਦਾਨ ਵਿੱਚੋਂ ਵੀ ਸੰਘਰਸ਼ ਪੂਰੇ ਜ਼ੋਸ਼ੀਲੇ ਤਰੀਕੇ ਨਾਲ ਜਾਰੀ ਹੈ ਅਤੇ ਕਿਰਤੀਆਂ ਦਾ ਇਹ ਕਾਫਲਾ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਫਤਹਿ ਵੱਲ ਵਧ ਰਿਹਾ ਹੈ।

# 22ਵਾਂ ਦਿੱਲੀ ਧਰਨਾ

ਕਨੂੰ ਪ੍ਰਿਆ

ਲੁਧਿਆਣੇ ਜਿਲੇ ਦੇ ਪਿੰਡ ਅੱਚਰਵਾਲ ਦੇ 65 ਸਾਲਾ ਖੇਤ ਮਜ਼ਦੂਰ ਜੁਗਰਾਜ ਸਿੰਘ ਆਪਣੇ ਪਿੰਡ ਦੇ ਗ਼ਦਰੀ ਬਾਬਿਆਂ ਦੇ ਇਤਿਹਾਸ ਤੋਂ ਜਾਣੂ ਹਨ ਅਤੇ ਹੁਣ ਦੇ ਖ਼ੇਤੀ ਕਾਨੂੰਨਾਂ ਦੀ ਵੀ ਪੂਰੀ ਜਾਣਕਾਰੀ ਰੱਖਦੇ ਹਨ। ਇਨਕਲਾਬੀ ਸ਼ਾਇਰੀ ਦੇ ਗਵਈਏ ਬਾਬਾ ਜੀ ਦਾ ਦਿੱਲੀ ਵਿਚ 22ਵਾਂ ਧਰਨਾ ਹੈ। 26 ਨਵੰਬਰ ਨੂੰ ਹਰਿਆਣਾ ਪੁਲਸ ਦੀ ਵਰ੍ਹਾਈ ਅੱਥਰੂ ਗੈਸ ਦਾ ਇਕ ਗੋਲਾ ਇਹਨਾਂ ਦੇ ਸੱਜੇ ਹੱਥ ਤੇ ਵੱਜਿਆ ਸੀ। ਸਿੰਘੂ ਪਹੁੰਚਣ ਤੋਂ 3-4 ਦਿਨਾਂ ਬਾਅਦ ਹੀ ਮਲ੍ਹਮ ਪੱਟੀ ਦੀ ਸਹਾਇਤਾ ਮਿਲ ਸਕੀ। ਜਿਸ ਕਾਰਨ ਜਖਮ ਕਾਫੀ ਵਧ ਗਿਆ। ਕਹਿੰਦੇ ਹਨ ਕਿ ਉਹ ਇਸ ਕਰਕੇ ਆਏ ਹਨ ਕਿਉਂਕਿ ਮਜ਼ਦੂਰ ਇਸ ਅੰਦੋਲਨ ਵਿਚ ਘੱਟ ਜੁੜ ਰਹੇ ਹਨ। ਕਿਸਾਨਾਂ ਤੇ ਤਾਂ ਬਿਪਤਾ ਪਈ ਹੀ ਹੈ ਪਰ ਇਸ ਦਾ ਅਸਰ ਮਜ਼ਦੂਰਾਂ ਤੇ ਵੀ ਹੈ। ਸਰਕਾਰਾਂ ਦਾ ਕੋਈ ਪਤਾ ਨਹੀਂ ਕਿਸ ਵੇਲੇ ਕੀਹਦੇ ਤੇ ਬਿਪਤਾ ਪਾ ਦੇਵੇ। ਇਸ ਲਈ ਇਕੱਠੇ ਹੋਣਾ ਜਰੂਰੀ ਹੈ। ਜਦੋਂ ਤੱਕ ਜਿੱਤ ਨਹੀਂ ਹੁੰਦੀ ਉਹ ਇਥੇ ਹੀ ਡਟੇ ਰਹਿਣਗੇ।



Randeep Maddoke

# ਭਾਜਪਾ ਦੇ ਫੁੱਟ ਪਾਊ ਪ੍ਰਚਾਰ ਤੋਂ ਬਚੋ

ਸ਼ਮੀਲ ਜਸਵੀਰ ਦੇ ਬਲੌਗ ਵਿਚੋਂ

ਪਿਛਲੇ ਕੁੱਝ ਦਿਨਾਂ ਤੋਂ ਸੋਸ਼ਲ ਮੀਡੀਆ ਤੇ ਜੋ ਗਤੀਵਿਧੀ ਹੋ ਰਹੀ ਹੈ, ਉਸ ਤੋਂ ਲਗਦਾ ਹੈ ਕਿ ਅਮਿਤ ਸ਼ਾਹ ਵੱਲੋਂ ਆਪਣੇ ਵਿਰੋਧ ਵਿਚ ਖੜ੍ਹੀਆਂ ਧਿਰਾਂ ਅਤੇ ਲੋਕਾਂ ਨੂੰ ਆਪਸ ਵਿਚ ਵੰਡ ਦੇਣ ਦਾ ਫਾਰਮੂਲਾ ਇਸ ਵਕਤ ਕਿਸਾਨ ਅੰਦੋਲਨ ਦੇ ਖਿਲਾਫ ਅਪਣਾਇਆ ਜਾ ਰਿਹਾ ਹੈ।

ਪੰਜਾਬ ਦੇ ਮੌਜੂਦਾ ਕਿਸਾਨੀ ਅੰਦੋਲਨ ਦੀ ਸਭ ਤੋਂ ਵੱਡੀ ਤਾਕਤ ਇਸ ਦੀ ਇਕਜੁੱਟਤਾ ਹੈ। ਸ਼ਾਇਦ ਅਜ਼ਾਦੀ ਦੇ ਸੰਘਰਸ਼ ਤੋਂ ਬਾਦ ਪਹਿਲੀ ਵਾਰ ਪੰਜਾਬ ਦੇ ਹਿੰਦੂ, ਸਿੱਖ, ਮੁਸਲਮਾਨ; ਸਭ ਜਾਤਾਂ ਦੇ ਲੋਕ; ਪੇਂਡੂ ਅਤੇ ਸ਼ਹਿਰੀ; ਅਤੇ ਸਭ ਰਾਜਨੀਤਕ ਧਿਰਾਂ ਇਕ ਸੁਰ ਹਨ। ਇਸ ਤੋਂ ਵੀ ਵੱਡੀ ਗੱਲ ਇਹ ਹੋ ਰਹੀ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਲੋਕ ਵੱਡੇ-ਛੋਟੇ ਭਰਾ ਦੀ ਤਰਾਂ ਗੱਲਾਂ ਕਰ ਰਹੇ ਹਨ।

ਜੋ ਗਤੀਵਿਧੀ ਇਸ ਵਕਤ ਸੋਸ਼ਲ ਮੀਡੀਆ ਵਿਚ ਹੋ ਰਹੀ ਹੈ, ਉਸ ਵਿਚੋਂ ਆਈ ਟੀ ਸੈੱਲਾਂ ਦੀ ਫੁੱਟ ਪਾਊ ਰਣਨੀਤੀ ਦੇਖੀ ਜਾ ਸਕਦੀ ਹੈ। ਇਸ ਰਣਨੀਤੀ ਦੇ ਤਿੰਨ ਵੱਡੇ ਪੱਖ ਹਨ:

1. ਮੌਜੂਦਾ ਕਿਸਾਨ ਅੰਦੋਲਨ ਦੀ ਸਭ ਤੋਂ ਵੱਡੀ ਤਾਕਤ ਇਹ ਹੈ ਕਿ ਬੜੀ ਮੁੱਦਤ ਬਾਦ ਪੰਜਾਬ ਵਿਚ ਖੱਬੇ ਪੱਖੀ ਪਿਛੋਕੜ ਵਾਲੀਆਂ ਧਿਰਾਂ, ਪੰਥਕ ਧਿਰਾਂ ਅਤੇ ਹੋਰ ਸਭ ਵਰਗ ਇਕੱਠੇ ਹੋਏ ਹਨ। ਸੋਸ਼ਲ ਮੀਡੀਆ ਦੀਆਂ ਪੋਸਟਾਂ ਦਾ ਇਕ ਨਿਸ਼ਾਨਾ ਪੰਜਾਬ ਦੇ ਕਾਮਰੇਡਾਂ ਅਤੇ ਪੰਥਕ ਧਿਰਾਂ ਵਿਚਾਲੇ ਵਿਰੋਧਾਂ ਨੂੰ ਤਿੱਖਾ ਕਰਨਾ ਹੈ।

2. ਇਸ ਰਣਨੀਤੀ ਦਾ ਦੂਜਾ ਹਿੱਸਾ ਹਿੰਦੂ-ਸਿੱਖ ਵਿਰੋਧ ਪੈਦਾ ਕਰਨਾ ਹੈ। ਇਸ ਕਰਕੇ ਅਜਿਹੀਆਂ ਪੋਸਟਾਂ ਵਾਲੇ ਲੋਕ ਉਨ੍ਹਾਂ ਸਾਰੀਆਂ ਗੱਲਾਂ ਨੂੰ ਤੂਲ ਦੇਣਗੇ; ਉਨ੍ਹਾਂ ਨੂੰ ਪ੍ਰਮੋਟ ਕਰਨਗੇ, ਜਿਸ ਨਾਲ ਹਿੰਦੂ-ਸਿੱਖ ਪਾੜਾ ਪੈਦਾ ਹੁੰਦਾ ਹੋਵੇ। ਕਿਤੇ ਇਹ ਸਿੱਖੀ ਦੇ ਭੇਸ ਵਿਚ ਅਜਿਹੀ ਗੱਲ ਕਰਨਗੇ ਅਤੇ ਕਿਤੇ ਹਿੰਦੂ ਦੇ ਭੇਸ ਵਿਚ।

3. ਇਸ ਰਣਨੀਤੀ ਦਾ ਇਕ ਹੋਰ ਖਤਰਨਾਕ ਹਿੱਸਾ ਜੱਟਾਂ ਅਤੇ ਗੈਰ-ਜੱਟਾਂ ਵਿਚਕਾਰ ਵਿਰੋਧ ਨੂੰ ਤਿੱਖਾ ਕਰਨਾ ਹੈ। ਇਸ ਤਰਾਂ ਦੀਆਂ ਪੋਸਟਾਂ ਵੀ ਨਜ਼ਰ ਆਉਣੀਆਂ ਸ਼ੁਰੂ ਹੋ ਗਈਆਂ ਹਨ। ਜਿਹੜੀਆਂ ਇਹ ਗੱਲ ਉਭਾਰਨ ਦੀ ਕੋਸ਼ਿਸ਼ ਕਰ ਰਹੀਆਂ ਕਿ ਕਿਸਾਨਾਂ ਦੀਆਂ ਮੰਗਾਂ ਸਿਰਫ ਕਿਸਾਨਾਂ ਦੀਆ ਮੰਗਾਂ ਹਨ, ਅਤੇ ਗੈਰ-ਜ਼ਮੀਨੇ ਵਰਗਾਂ ਨੂੰ ਇਸ ਤੋਂ ਕੀ ਲੈਣਾ ਹੈ।

ਇਸ ਗੱਲ ਨੂੰ ਹੁਣ ਕਿਸਾਨ ਲੀਡਰਸ਼ਿਪ, ਹੋਰ ਪੰਜਾਬ ਹਿਤੈਸ਼ੀ ਧਿਰਾਂ, ਪੰਜਾਬ ਬਾਰੇ ਫਿਕਰਮੰਦ ਲੋਕਾਂ, ਪੰਜਾਬ ਵਿਚ ਸਮਾਜਕ ਸਦਭਾਵਨਾ ਅਤੇ ਏਕਤਾ ਚਾਹੁਣ ਵਾਲੇ ਲੋਕਾਂ ਨੇ ਦੇਖਣਾ ਹੈ ਕਿ ਇਸ ਖਤਰਨਾਕ ਰਣਨੀਤੀ ਨੂੰ ਕਿਵੇਂ ਫੇਲ੍ਹ ਕਰਨਾ ਹੈ।



# ਇਥੇ ਬੇਗ਼ਮਪੁਰਾ ਵਸ ਗਿਆ ਹੈ

ਰਣਦੀਪ ਮੱਦੋਕੇ

ਇਸ ਮੋਰਚੇ ਵਿਚ ਅੰਦੋਲਨ ਦੇ ਇਲਾਵਾ ਬਹੁਤ ਕੁਝ ਹੋ ਰਿਹਾ ਹੈ। ਲੋਕਾਂ ਨੇ ਸੜਕ ਤੇ ਟਰਾਲੀਆਂ ਨੂੰ ਆਰਜੀ ਘਰ ਵਿਚ ਤਬਦੀਲ ਕਰ ਲਿਆ ਹੈ। ਲੋਕ ਘਰ ਦੇ ਸਾਰੇ ਕੰਮ ਏਸੇ ਸਪੇਸ ਵਿਚ ਕਰਦੇ ਨਜਰ ਆਉਂਦੇ ਹਨ। ਇਕ ਨਵਾਂ ਸ਼ਹਿਰ ਵਸ ਗਿਆ ਹੈ। ਇਸ ਨਵੇਂ ਸ਼ਹਿਰ ਦੀ ਆਪਣੀ ਜੀਵਨ ਸ਼ੈਲੀ ਹੈ। ਸਾਡੀ ਫੋਟੋਗ੍ਰਾਫਰਾਂ ਦੀ ਟੀਮ ਇਸ ਸਭ ਨੂੰ ਕੈਮਰੇ ਰਾਹੀਂ ਸਹੇਜ ਰਹੀ ਹੈ ਅਤੇ ਸ਼ੋਸ਼ਲ ਮੀਡਿਆ ਉਤੇ ਬਿਨਾ ਕੌਪੀਰਾਈਟ ਮੁਹਈਆ ਵੀ ਕਰਵਾ ਰਹੀ ਹੈ। ਅਸੀਂ ਮੋਰਚੇ ਦੀ ਬਾਹਰੋਂ ਨਹੀਂ ਅੰਦਰੋਂ ਹਿਮਾਇਤ ਕਰ ਰਹੇ ਹਾਂ, ਜੇ ਲੋਕ ਝੰਡੇ ਚੁੱਕ ਕੇ ਲੜ ਰਹੇ ਹਨ ਤਾਂ ਅਸੀਂ ਕੈਮਰੇ ਚੁੱਕ ਕੇ ਲੜ ਰਹੇ ਹਾਂ।

ਇਸ ਨਵੇਂ ਸ਼ਹਿਰ ਦੇ ਬਾਸ਼ਿੰਦਿਆਂ ਦਾ ਇਕੋ ਇਕ ਟੀਚਾ ਇਕ ਢੀਠ ਅਤੇ ਨਿਰਲੱਜ ਬ੍ਰਾਹਮਣਵਾਦੀ ਹਕੂਮਤ ਤੋਂ ਆਪਣੀਆਂ ਮੰਗਾਂ ਮਨਵਾਉਣਾ ਹੈ। ਇਸ ਇਕ ਟੀਚੇ ਦੇ ਵਾਸਤੇ ਇਕੱਠੇ ਹੋ ਕੇ ਲੜਣ ਦੀ ਸਾਂਝ ਨੇ ਲੋਕਾਂ ਵਿਚਾਲੇ ਜਾਤੀ ਦੇ ਵਖਰੇਵਿਆਂ, ਉਹਨਾਂ ਦੇ ਜ਼ਿਮੀਂਦਾਰ ਅਤੇ ਬੇਜ਼ਮੀਨੇ ਹੋਣ ਦੇ ਟਕਰਾਅ ਨੂੰ ਵੀ ਘਟਾਇਆ ਹੈ। ਸਾਂਝੇ ਘੋਲ਼ ਲੋਕਾਂ ਨੂੰ ਇਹ ਗੱਲ ਸਮਝਾਉਣ ਵਿਚ ਸਹਾਈ ਹੁੰਦੇ ਹਨ ਕਿ ਸਾਡੀ ਲੜਾਈ ਫ਼ਿਰਕੂ ਵੰਡੀਆਂ ਪਾਉਣ ਵਾਲਿਆਂ ਖ਼ਿਲਾਫ਼ ਸੇਧਿਤ ਹੋਣੀ ਚਾਹੀਦੀ ਹੈ।

ਖੇਤ ਮਜ਼ਦੂਰਾਂ ਦੇ ਕੋਲ ਭਾਂਵੇ ਵਸੀਲੇ ਨਹੀਂ ਹੁੰਦੇ ਕਿ ਉਹ ਕਿਸਾਨਾਂ ਵਾਂਗ ਲੰਮਾ ਸਮਾਂ ਅਤੇ ਭਾਰੀ ਗਿਣਤੀ ਵਿਚ ਸ਼ਾਮਿਲ ਹੋ ਸਕਣ। ਪਰ ਬਹੁਤ ਸਾਰੇ ਮਜ਼ਦੂਰ, ਛੋਟੇ ਕਿਸਾਨਾਂ ਦੇ ਵਾਹਨਾਂ ਤੇ ਚੜ੍ਹ ਕੇ ਇਥੇ ਪਹੁੰਚੇ ਹਨ। ਉਹ ਇਕੋ ਥਾਂ ਰਹਿ ਸੌਂ ਰਹੇ ਹਨ। ਇਕ ਦੂਜੇ ਦੇ ਕੰਬਲ ਰਜ਼ਾਈਆਂ ਵਰਤ ਰਹੇ ਹਨ। ਇਥੇ ਰਵੀਦਾਸ ਜੀ ਦਾ ਕਿਆਸਿਆ ਬੇਗ਼ਮਪੁਰਾ ਵਸ ਗਿਆ ਜਿਸ ਵਿਚ ਕੋਈ ਕਿਸੇ ਦਾ ਫਰਕ ਨਹੀਂ ਹੈ। ਕੋਈ ਗਰੀਬ ਨਹੀਂ ਹੈ,ਕੋਈ ਅਮੀਰ ਨਹੀਂ ਹੈ। ਕੋਈ ਛੋਟਾ ਨਹੀਂ ਹੈ, ਵੱਡਾ ਨਹੀਂ ਹੈ। ਕੋਈ ਉੱਚੀ ਜਾਤ ਨਹੀਂ ਹੈ, ਕੋਈ ਨੀਵੀਂ ਜਾਤ ਨਹੀਂ ਹੈ। ਕੌਣ ਲਿਆ ਰਿਹਾ ਹੈ। ਕੌਣ ਬਣਾ ਰਿਹਾ ਹੈ। ਕੌਣ ਖਾ ਰਿਹਾ ਹੈ। ਇਹ ਸਾਰੇ ਫ਼ਰਕ ਤੁਹਾਨੂੰ ਇਸ ਅੰਦੋਲਨ ਵਿਚ ਨਜ਼ਰ ਨਹੀਂ ਆਉਣਗੇ।

# ਸੰਸਕ੍ਰਿਤੀ

ਲਾਲ ਸਿੰਘ ਦਿਲ

ਤੂੰ ਕੀ ਏਂ ?
ਕਿਉਂ ਚਿਹਰਾ ਲੁਕਾਇਆ ਏ ?
ਓਹਲਿਆਂ 'ਚ ਤੁਰਦੀ ਏਂ ਕਿਉਂ ?
ਕਿਉਂ ਨਹੁੰ ਵੀ ਲੁਕਾਏ ਨੇ ਆਪਣੇ ?
ਆਖ਼ਰ ਤੂੰ ਹੈ ਕੌਣ ?
ਉਸ ਬੰਦੇ ਨੂੰ ਕਿਤੇ ਵੇਖੋ
ਜੋ ਦਿਨ ਰਾਤ ਭਾਰਾ ਰੱਥ ਖਿੱਚਦਾ ਹੈ
ਉਸਦੇ ਕੰਨਾਂ 'ਚ ਮਨੂੰ ਵੇਲੇ ਦਾ ਢਲਿਆ ਸਿੱਕਾ ਹੈ
ਉਸ ਦੇ ਪਿੰਡੇ ਤੇ ਉਨ੍ਹਾਂ ਬੈਂਤਾਂ ਦੀਆਂ ਲਾਸਾਂ ਹਨ
ਜਿਨ੍ਹਾਂ ਨੂੰ ਵਰਤਦੇ ਰਹੇ ਰਜਵਾੜੇ, ਕਿਤੋਂ ਦੇ ਵੀ
ਉਹ ਜ਼ਰੂਰ ਪਛਾਣਦਾ ਹੋਏਗਾ
ਉਹ ਰਾਤਾਂ 'ਚ ਕਦੇ ਕਦੇ
ਅੰਬਰ ਜੇਡਾ ਹੌਕਾ ਭਰਦਾ ਹੈ
ਤਾਰੇ ਮੁਰਝਾ ਜਿਹੇ ਜਾਂਦੇ ਹਨ
ਉਹ ਕਹਿੰਦਾ ਹੈ
ਧਰਤੀ ਮੇਰੀ ਪਹਿਲੀ ਮੁਹੱਬਤ ਹੈ
ਉਹ ਜ਼ਿਕਰ ਕਰਦਾ ਹੈ
'ਇਹ ਤਾਰੇ ਅਸਮਾਨ ਵਿਚ
ਮੈਂ ਜੜੇ ਸਨ'
ਉਹ ਈਸਾ ਦੇ ਵਤਨਾਂ 'ਚ ਫਿਰਿਆ ਹੈ
ਉਹ ਗੌਤਮ ਦੇ ਮੁਲਕਾਂ 'ਚ ਤੁਰਿਆ ਹੈ
ਉਸਦੇ ਕੰਨਾਂ 'ਚ ਮਨੂੰ ਵੇਲੇ ਦਾ ਢਲਿਆ ਸਿੱਕਾ ਹੈ

Trolley Times - **The Voice of Kisan Protest** - Issue IV - 31st December 2020



# ट्रॉली टाइम्स

पुरखों ने हल चलाकर कलम के लायक बनाया अब कलम का फर्ज है वो हल का कर्ज चुकाए

## आंदोलन ने बढ़ाया मज़दूरों का आत्मविश्वास

मनदीप

सिंघू बॉर्डर 27 नवंबर को दिल्ली कूच के लिए अपनी ट्रैक्टर ट्रॉली लेकर सिंघु बॉर्डर पहुंचे पंजाब हरियाणा के किसानों ने सरकार द्वारा निर्धारित धरना स्थल ‘बुराड़ी ग्राउंड’ न जाने का फैसला लेते हुए दिल्ली को घेरकर बैठने का फैसला लिया. रणनीतिक तौर पर दिल्ली को घेरकर बैठने वाले किसान, भौगोलिक दृष्टि से हरियाणा के सोनीपत जिले की औद्योगिक नगरी कुंडली के बीचों-बीच जाने वाली जरनैली सड़क (जीटी रोड) पर दिल्ली की तरह मुंह और पंजाब हरियाणा की तरह पीठ किये बैठे हैं और उनकी बायीं और दायीं तरफ औद्योगिक इकाइयां हैं.

इन औद्योगिक इकाइयों में काम करने वाले मज़दूर अगली सुबह यानी 28 नवम्बर को जब अपनी-अपनी इकाइयों में काम करने के लिए जा रहे थे तो किसान उन्हें अपने लिए बने लंगर में भोजन करने के बुला रहे थे. इन औद्योगिक इकाइयों में प्लास्टिक का कचरा बीनने वाले रामस्वरूप उस सर्द सुबह (28 नवम्बर) को याद करते हुए बताते हैं, “मैं अपनी रिक्शा पर अपने काम के लिए निकला तो ट्रैक्टर ट्रॉलियों के बीच चल रहे भंडारे के टैंट के किनारे खड़े एक सरदार जी ने हाथ देकर मेरी रिक्शा रुकवा दी और कहा ‘प्रसादा छककर जायो जी’. मैं वहां रुका और किसानों ने मुझे अपने साथ बैठाकर खाना खिलाया. मुझे उस भंडारे में मेरे जैसे कई लोग दिखे जोकि आसपास दिहाड़ी मजूरी वाले ही लोग थे. जब से किसान आये हैं तब से मैं इन्हीं के साथ खाना खा रहा हूँ. बहुत अच्छे लोग हैं ये. सरकार हमारा पेट नहीं भरती. ये लोग भरते हैं. “

इतना कहकर रामस्वरूप का चेहरा शांति से भर जाता है, आंखें नन्हीं होने लगती हैं और इन्हीं नन्हीं आंखों में उभर आए आंसू डूबते सूरज की आखरी किरणों में सतरंगी चमक प्रतिबिंबित करते हैं.

शाम के करीब 5 बजे हैं. सूरज लाली खो रहा है. सिंघु बॉर्डर पर किसानों के ट्रैक्टर ट्रॉलियों के बीच लगे “मज़दूर अधिकार संगठन” के तंबू के सामने खड़े होकर रामस्वरूप मुझसे बातचीत कर रहे थे, जोकि कुछ देर में ही उन मज़दूरों में अदृश्य हो जाते हैं जो अपने काम से छूटने के बाद घर लौट रहे हैं. अनेकों मज़दूर ‘मज़दूर अधिकार संगठन’ के तंबू के सामने जमा हैं.

मज़दूर अधिकार संगठन कुंडली औद्योगिक इकाइयों के मज़दूरों की यूनियन है. संगठन के तम्बू में बैठे कार्यकर्ता शिवा ने मुझे बताया, “इतनी बड़ी संख्या में जब कोई आपके आसपास आता है तो उसकी उपस्थिति महसूस होती है. 29 नवंबर को हम मज़दूर इनकी मौजूदगी और इनके द्वारा हमें खाना खिलाने पर बात कर रहे थे. किसानों से हुई बातचीत के बाद हमें यह भी पता चल गया था कि ये किसान क्यों आंदोलित हैं. मज़दूरों की अपनी मीटिंग में हमने किसानों के समर्थन में 2 दिसंबर को अपना काम बंद रखने




और किसानों के साथ आंदोलन में शामिल होने का फैसला लिया. 2 दिसंबर को हम करीब 1500 मज़दूरों ने इक्कठा होकर किसानों के स्टेज तक मार्च किया और किसानों को समर्थन दिया. किसानों की स्टेज पर कुछ मज़दूरों ने अपनी बात भी रखी।”

शिवा बताते हैं, “ हम मज़दूरों ने भोपाल गैस त्रासदी गैस में मारे गए मज़दूरों की याद में 3 दिसंबर की शाम को जब मशाल जलूस निकाला तो किसान भी हमारे मशाल जुलूस में शामिल हो गए और उन्होंने हमारे साथ मशालें थामकर मार्च किया. उसके बाद से हमारे अंदर गज़ब का आत्मविश्वास आया है.”

मज़दूर संगठन के कार्यकर्ताओं से बातचीत के दौरान ही मैंने तंबू के सामने लगे उस सफेद कपड़े के बैनर की तरफ इशारा किया, जिसपर लाल अक्षरों में लिखा था, ‘कंपनी मालिक व ठेकेदार के पैसे न देने पर सम्पर्क करें.’

वहां खड़े साहिल ने मुझे बताया, “किसान आंदोलन में शामिल हो जाने के बाद किसान हमसे लगातार बात करने लग गए. उसके बाद धीरे धीरे कंपनी मालिकों और ठेकेदारों द्वारा मज़दूरों के पैसे न दिए जाने की बात सामने आने लगी. जिसपर कई किसानों ने हमसे कहा कि कंपनी मालिकों से मज़दूरों के पैसे निकलवाने वह उनके साथ चलेंगे. दरअसल लॉकडाउन में मज़दूर अपनी की गई मज़दूरी को छोड़ घर जाने के लिए मजबूर हो गए थे और जब वापस लौटे तो मालिकों में उनका बकाया देना तो दूर पहचानने तक से इनकार कर दिया था.”

साहिल बताते हैं, “यह बात सामने आने के बाद हमने इस तम्बू पर यह पोस्टर लगा दिया है. काम पर आते जाते मज़दूर हमसे संपर्क करते हैं. जिसके बाद मज़दूर अधिकार संगठन के कार्यकर्ता और किसान मिलकर कंपनी मालिकों और ठेकेदारों के पास जाते हैं और संघर्ष करके मज़दूरों के पैसे निकलवाते हैं. अब तक करीबन 2 लाख रुपए से ज्यादा पैसे निकलवाने में हम कामयाब हुए हैं.”

साहिल ने पास खड़े मज़दूर रिंकू कुमार से मुझे मिलवाया. 35 साल के रिंकू कुमार बिहार के खगड़िया जिले के रहने वाले हैं. मार्च महीने में लगे लॉकडाउन की वजह से उन्हें वापस घर लौटना पड़ा था जिसके कारण उनको उनकी 17 दिन की मज़दूरी के पैसे अबतक नहीं मिले थे. रिंकू बताते हैं, “मैंने तो संतोष कर लिया था कि पैसे नहीं मिलेंगे. लेकिन जब मज़दूर अधिकार संगठन और किसान मेरे साथ गए तो मालिक ने मेरे सारे पैसे दे दिए. कंपनी मालिक मज़दूरों को 15 दिन तक के काम के भी पैसे नहीं देते हैं. लेकिन किसानों और मज़दूरों के दबाव के कारण दो दो दिन की दिहाड़ी के पैसे भी उन्हें देने पड़े हैं. किसान हमें अपने साथ बैठाकर खाना खिलाते हैं. इतना ही नहीं, जो कम्बल रजाई किसानों के लिए बंटने के लिए आए थे, उन्होंने वह कम्बल रजाई हमें भी बांटे हैं.”

रिंकू की तरह ही मोनू कुमार को भी उनके 6 दिन की मजदूरी नहीं मिली थी लेकिन 22 दिसंबर को किसान और मज़दूर उनके साथ गए और अपने 2660 रुपए की पूरी मज़दूरी वापस लेकर आए.

मज़दूर अधिकार संगठन की कार्यकर्ता नवदीप ने मुझे बताया, “इस किसान आंदोलन से मज़दूरों को बहुत हिम्मत मिली है. आम दिनों में हम मज़दूर हड़ताल करना तो दूर, पर्चा तक भी नहीं बांट सकते थे, क्योंकि कंपनी मालिकों के संगठन ‘कुंडली इंडस्ट्रीज एसोसिएशन’ ने एक क्विक रिस्पांस टीम बना रखी है जिसमें बाउंसर हैं. ये बाउंसर मज़दूरों को पीटने और धमकाने के लिए आ जाते हैं. इतना ही नहीं, फैक्टरियों में मज़दूर यूनियन तक नहीं बनने देते हैं। इसके अलावा यहां हिन्दू जाग्रति मंच भी मज़दूरों को इक्कठा होने और यूनियन बनाने से रोकती रही है, क्योंकि कंपनी के मालिक उन्हें चंदा देते हैं. लॉकडाउन के दौरान राशन मांगने के लिए सभा कर रहे मज़दूरों पर हिन्दू जाग्रति मंच ने हमला कर दिया था और मज़दूरों को भगा दिया था। इस आंदोलन और मज़दूरों को मिले किसानों के समर्थन की वजह से ये दोनों ही फोर्स अब चुप बैठी हुई हैं.”

अपनी मज़दूरी निकलवाने के लिए मज़दूर अधिकार संगठन के कार्यकर्ताओं से मिलने के लिए अशोक कुमार और उनकी पत्नी रीता देवी आये हैं. पास खड़े होकर हमारी बातचीत सुन रहे अशोक कुमार एकदम से कहते हैं, “एक कंपनी मालिक हमारे पैसे नहीं दे रहा था. मैं तो हार मानकर बैठ गया था, लेकिन किसानों के आने से अब मेरा आत्मविश्वास बढ़ा है और अब लग रहा है कि मेरे भी पैसे मिल जाएंगे. “



ਟਰਾਲੀ ਟਾਈਮਜ਼ ਦੀਆਂ ਕਾਪੀਆਂ ਨੂੰ ਕੋਈ ਵੀ,
ਕਿਤੇ ਵੀ ਛਪਾ ਕੇ ਵੰਡ ਸਕਦਾ ਹੈ। ਖ਼ਿਆਲ ਰੱਖਿਆ ਜਾਵੇ ਕਿ
ਲਿਖਤਾਂ ਵਿਚ ਕੋਈ ਸੋਧ ਜਾਂ ਵਾਧਾ ਨਾ ਕੀਤਾ ਜਾਵੇ। ਛਪਾਈ ਅਤੇ
ਵੰਡ ਬਾਰੇ ਕਿਸੇ ਵੀ ਤਰੀਕੇ ਸਾਡੀ ਟੀਮ ਨੂੰ ਸੂਚਿਤ ਕਰ ਦਿੱਤਾ ਜਾਵੇ
ਤਾਂ ਕਿ ਸਨਦ ਰਹੇ!

ट्रॉली टाइम्ज़ की प्रतियों को कोई भी,
कही भी छाप कर वितरित कर सकता है। ध्यान दिया जाए
की पाठ को किसी भी प्रकार सम्पादित ना करें। हमारी टीम
को कोई भी छपाई अथवा वितरण के बारे में सूचित किया
जाए ताकि हम सतर्क रहें!

**SCAN THIS FOR A PDF**
**EMAIL:** TIMESTROLLEY@COM
**TWITTER:** TIMESTROLLEY
**IN:** Trolley_Times_offical
**FB:** trolleytimes
www.trolleytimes.online
www.kisanekta.in

## भूमिहीन और हाशियागत किसान हैं आंदोलन की रीढ़

कृष्ण कुमार निर्माण, करनाल

सिंघु में ग्रामीण और कृषि समाज के विभिन्न वर्गों ने इन नए कानूनों के खिलाफ अपना प्रतिरोध जताया है. इनमें भूमिहीन किसान भी हैं, जो अपनी खेती से होने वाली थोड़ी बहुत कमाई को और कामों से पूरा करते हैं और हाशिए के किसान भी हैं जो अलग-अलग सामाजिक और आर्थिक पृष्ठभूमि रखते हैं.

गुरमैल सिंह पंजाब के मोगा जिले के निहाल सिंह वाला तहसील में रॉके कलां गांव के एक भूमिहीन कृषक और खेतिहर मजदूर हैं. वे दलित समाज से आने वाले मजहबी सिख हैं जो अपना जीवन यापन थोड़ी ज़मीन किराए पर लेकर करते हैं, जो उद्योगों के द्वारा स्थापित किए बड़े-बड़े खेतों के बाद संभव नहीं होगा.

उनका कहना है, “मैं अपनी बेटी को पढ़ा पाया जो आज चंडीगढ़ में एक बैंक में काम करती है. मेरे दोनों बेटे दिहाड़ी मज़दूर हैं. मैं थोड़ी बहुत ज़मीन सब्जी और छोटे पौधे उगाकर बाजार में बेचने के लिए 20,000 रुपए सालाना किराए पर लेता हूं. साल के कुछ महीने हम 300-400 रूपए दिहाड़ी पर दूसरों की फसल काटने में मदद करते हैं. बड़े कृषि उद्योग खेतों को ले लेंगे और फिर वह हमें काम देने से रहे.”

गुरमैल की तरह ही लाभ सिंह भी एक भूमिहीन मज़हबी सिख हैं जो दलित समाज से आते हैं. वह अमृतसर जिले के अजनाला कस्बे के कोहाली गांव से हैं और वहां की देहाती मजदूर सभा के प्रधान भी हैं.

उनका कहना है कि उनके गांव के छोटे किसान और खेतिहर मजदूर दिल्ली की सीमा पर प्रदर्शन में भाग लेने आए हैं. इस समय वह हाईवे पर खड़ी हुई ट्रालियों में बैठकर प्रदर्शन कर रहे हैं. यह ट्रालियां फूस और कपड़ों से उन्हें ठंड से बचाने के लिए ढ़की हुई हैं.

लाभ सिंह कहते हैं, “पहले तो मोदी सरकार ने महामारी के दौरान, लॉकडाउन और तरह-तरह की पाबंदियों के बीच में यह कानून लाकर गलती की. दूसरा जब इन कानूनों की वजह से बड़े उद्योगपति कृषि में आ जाएंगे, छोटे किसान और मजदूरों को खेती के लिए जरूरी चीजें जैसे बीज आदि पाना गुंजाइश के बाहर हो जाएगा. बड़े उद्योग घराने हमें लूट लेंगे, वे जल्द ही खेती की उपज की कीमतें तय कर हम में से सबसे गरीब लोगों का शोषण करेंगे.

हरदेव सिंह भट्टी अमृतसर के बाबा बुटाला के गांव में एक भूमिहीन खेतिहर मजदूर और राजमिस्त्री होने के साथ-साथ कवि भी हैं. हो भट्टे में हर एक हजार ईंटे बनाने पर 650 रुपये कमाते हैं जिसमें उन्हें आमतौर पर 2 से 3 दिन लगते हैं. भट्टी कहते हैं, “पहले प्रधानमंत्री ने नोटबंदी की. फिर महामारी के बीच में वह यह कानून लाए हैं जो थोड़ी बहुत मजदूरी पर जीने वालों को गुलाम बना देंगे. सरकार चाहती है कि पूंजी बड़े उद्योग घरानों के पास हो न कि कामगारों के घरों में.”

गुरमुख सिंह जमीन प्राप्ति संघर्ष कमेटी, जो दलित खेती है के रोको आरक्षक भूमि में प्रवेश दिलाने के लिए काम करते है, उसके जोनल सदस्य हैं. प्रदर्शनकारियों के साथ दिल्ली सीमा पर टिकरी में जुड़े और आशंका जताई कि नए कानून सबसे पहले धान और गेहूं के अधिग्रहण को प्रभावित करेंगे. उन्हें आशंका है कि उसके बाद यह सरकारी राशन की दुकानों पर मिलने वाले सस्ते अनाज को धीरे-धीरे खत्म किए जाने की ओर अग्रसर होगा. उन्होंने बताया, “इस सबसे परे, मंडी तंत्र के कमजोर होने का सीधा असर पल्लेदार कामगारों की आजीविका पर पड़ेगा जो धान और गेहूं के बोरे मंडियों से ढ़ोर रेलगाड़ियों तक ले जाते हैं. खाने की जरूरी सामग्री पर भंडारण की सीमा समाप्त होने के कारण गरीबों को खाने की चीजें खरीदना भी दूभर हो जाएगा.”

# यह सम्मान नहीं खिलाड़ियों के मुंह बंद रखने का इनाम है

जगमति सांगवान, भीम अवार्डी वालीबॉल

हमारे देश में चल रहे न्यायप्रिय व शांतिपूर्ण किसान आंदोलन के समर्थन में वाजिब ही पंजाब के बहादुर खिलाड़ियों द्वारा बुलंद आवाज से अपने खेल- अवार्ड वापस करने की घोषणा की गई. हरियाणा में भी इसकी धमक तो देर सवेर पहूंचनी ही थी.बिजेंद्र बाक्सर व असन सिहं सांगवान द्वारा अवार्ड वापसी की धमकी के बाद जाहिर तौर पर हरियाणा सरकार घबरा गई है .अतः उसने आनन-फानन में बिना खिलाड़ियों से किसी प्रकार की सलाह के अतार्किक सी सम्मान -पेंशन की घोषणा कर दी है .यद्यपि यह सम्मान पैंशन खिलाड़ियों की लंबे समय से मांग रही है .क्योंकि उनकी खुराक व स्वास्थ्य संबंधी जरूरतें भी बढी हुई होती हैं तथा उन्हें अनेक तरह के खेल ईवैन्टस में प्रोत्साहन कर्ता की तरह से भी उपस्थित रहना होता है.इस से पूर्व की हुड्डा सरकार ने भी कुछ शुरू आती घोषणाएं की थी.परंतु जिस प्रकार से हरियाणा सरकार ने कल सुशासन दिवस पर यह घोषणा कि वह संदेह के दायरे से परे नहीं कही जा सकती .इसमें बड़ी तोप का मुंह बंद रखने का बड़ा इनाम व छोटी का छोटा इनाम की तरकीब से भी काम लिया गया है .वरना हरियाणा सरकार को तो अपने अवार्डीयों के लिए ज्यादा पेंशन प्रावधान रखना चाहिए बजाय राष्ट्रीय इनाम धारकों के जो पहले से ही बड़ी-बड़ी राष्ट्रीय पेंशन ले रहे हैं . कौन नहीं जानता कि इस स्तर के खिलाड़ियों की उपलब्धियां लगभग बराबर सी ही होती हैं .सम्मान पेंशन घोषणा के इस खास समय चुनाव को देखते हुए इसे व्यापक तौर पर सम्मान नहीं बल्कि न्याय के हक में ना बोलने व खड़ा होने की रिश्वत की तरह से ही देखा जाएगा .अतः हरियाणा के खिलाड़ियों को इस ऑफर को अभी स्वीकार करने से सामूहिक रुप से इंकार करके अपनी विवेकशीलता व न्यायप्रियता के माद्दे का परिचय देना चाहिए .क्योंकि हम खिलाड़ी यह कैसे भूल सकते हैं कि इन मैडलों व ईनामों का रास्ता उन्हीं खेत खलिहान से होकर गुजरता है जिनके बचाव के लिए आज हमारे देश के किसान -मजदूर सिर धड़ की बाजी लगाकर लड़ रहे हैं.मोर्चे पर डटे इन सिपाहियों के लिए हमारी सलामी व समर्थन पेश करने का



## मज़दूर भी किसान भी

जसप्रीत कौर, ग़ाज़ीपुर बॉर्डर

भाई बिहार का किसान है, और ग़ाज़ियाबाद में मज़दूरी करता है. लाक्डाउन में इसकी नौकरी भी चली गयी. रोष भी है और दुख भी, सरकार ने ना तो फसल का दाम दिया और ना ही लॉक्डाउन में कोई परबंध किया। "पाँच बीघा ज़मीन की फसल का कोई कम्पनी अच्छा दाम नहीं देती, कभी मक्का अभी गीला है और कभी अछी क्वालिटी का नहीं है, बस बहाने ही बहाने। लागत भी नहीं निकाल पाते हम लोग" इस लिए शहर आ कर मज़दूरी करनी पड़ती है। "मैं किसान भी हुं और मज़दूर भी" रोज़ आता हुं बीवी बचों के साथ लंगर में सेवा करने।

किसान भई जो कर रहे हैं वो हम सब के लिए है ये बात मुझसे बेहतर कौन समझ सकता है। शहर की जनता को ये बिल और उनका असर समझना बहुत ज़रूरी है, नहीं तो हम सब इस चोर सरकार के घपले से कभी मुक्त नहीं होंगे।




## किसानों के डॉक्टर्स: जिम्मेदारी और जज़्बा

डॉ हरजीत सिंह

हमारी तरफ से यही उपयुक्त तरीका हो सकता है.

कहते है डाक्टर को अपनी भावनाओं पर नियंत्रण रखना चाहिए लेकिन किसानों के साथ हो रहे दुर्व्यवहार से मै भी भावुक हो जाता हूँ। एक दिन भी ऐसा नहीं गुज़रता जब किसानों की आत्महत्या की खबर ना आए या यह सुनने को ना मिले की फसल का सही दाम ना मिलने पर किसान ने अपनी फसल सड़क पर गिरा दी या नदी में बहा दी। किसान के लिए उसकी फसल उसके बच्चों के समान होती है लेकिन क्यों एक किसान उसे सड़क पर फेंकने या नदी में बहाने को मजबूर हो जाता है यह कोई नहीं समझता या समझना नहीं चाहता। पिछले ७० सालो से हमारी सरकारें किसान विरोधी रही है और हमारे नेताओ ने हमें किसानों के प्रति निष्ठुर रहना ही सिखाया है । आज किसान पिछले ७० साल का हिसाब लेने के लिए दिल्ली के बॉर्डर पर बैठा है और अपने समाज से सहयोग की उम्मीद करता है ।

हम डाक्टर्ज़ भी इसी समाज का हिस्सा है और जब समाज में कुछ ग़लत हो रहा हो या किसी के साथ कोई अन्याय हो रहा हो तो हम मुँह नहीं फेर सकते। अपनी इसी जिम्मेदारी को समझते हुए हमारे संगठन प्रोग्रेसिव मेडिकोस & साइंटिस्ट्स फ़ोरम (PMSF) ने सभी धरना स्थलों पर मुफ़्त स्वास्थ्य सेवाएँ देने का फ़ैसला लिया। पिछले एक माह में हमारी टीम ने अभी तक सिंघु, टिकरी, ग़ाज़ीपुर और शाहजहांपुर समेत सभी बॉर्डर पर ३० से अधिक मुफ़्त स्वास्थ्य शिविर लगाए है। पहला शिविर केवल दो डाक्टरों ने लगाया था फिर अगला पाँच फिर दस और आज हमारी टीम में 109 सदस्य है। हमारी टीम में AIIMS, सफ़दरजंग तथा दिल्ली के अन्य बड़े बड़े अस्पतालों के डॉक्टर्ज़ है जो बेहद संवेदनशील और किसानों के प्रति अपनी ज़िम्मेदारी को बखूबी समझते है। हमारे हर एक कैम्प में रोज़ 400-500 किसानों को इलाज या परामर्श दिया जाता है।

हमारे सभी सदस्यों का जज़्बा बुलंद है और किसानों की सेवा का जुनून सर पर चढ़ा है । हम सबने ठाना है की जब तक यह तीनो काले क़ानून वापस नहीं हो जाते हम किसानों के साथ कंधे से कंधा मिलाकर सरकार से टक्कर लेंगे और रोज़ मुफ़्त स्वास्थ्य शिविर लगाकर किसानों की सेवा करेंगे। अगर किसान छह माह का राशन लेकर आए है तो हमने भी एक साल की दवाइयाँ इकट्ठी कर ली है और किसानों की सेवा में सदैव तत्पर है । हमारी सभी किसान भाइयों और बहनों से गुज़ारिश है की स्वास्थ्य संबंधी किसी भी परेशानी में PMSF के शिविर में आए और बेहतरीन डाक्टर्ज़ द्वारा अपना इलाज करवाए। हमें आपकी सेवा करके प्रसन्नता होगी और यह एहसास होगा की हमने भी राष्ट्र निर्माण में अपना सहयोग दिया ।

## किसान आंदोलन में जवानी लिखेगी जीत की कहानी!

अनूप सिंह चिनोट, हरियाणा

दिल्ली के बार्डरों पर पिछले 26 दिनों से चल रहे किसान आंदोलन में युवा किसानों की भागीदारी और जिम्मेदारी दोनों बढ़ गयी हैं। जब ये आंदोलन शुरू हुआ था तब ज्यादातर संख्या बुजुर्गों की थी लेकिन धीरे-धीरे आंदोलन में युवाओं के बहुत सारे जत्थे पहुंच गये। ये युवा अब अपने बड़े बुजुर्गों को भी संभाल रहे हैं उनको खाना बनाकर खिला रहे हैं, राशन पहुंचा रहे हैं, स्टेज से लेकर तमाम व्यवस्था भी संभाल रहे हैं और सबसे महत्वपूर्ण आंदोलन की आवाज को सोशल मीडिया के हर प्लेटफार्म पर बुलंद कर रहे हैं। अब ये युवा किसान खुद का आईटी सेल बनाकर गोदी मीडिया व बीजेपी सरकार द्वारा फैलाए गये हर प्रोपगेंडा का बड़े अच्छे से काउंटर कर रहे हैं और सही मैसेज आमजन तक पहुंचा रहे हैं।

इस आंदोलन में पहुंचे व जो अब तक गांव से नहीं पहुंच पाए उन सभी किसानों तक प्रतिदिन मैसेज पहुंचाने के लिए युवाओं द्वारा बहुत सारे व्हाट्सएप ग्रुप बनाए गये हैं। जिसमें आंदोलन से जुड़ी तमाम महत्वपूर्ण सुचनाएं शेयर की जा रही हैं। इन ग्रुपों में पहली ट्राली से लेकर अंतिम ट्राली तक सभी किसानों को जोड़ा जा रहा है और जिस भी किसान के साथ कोई भी दिक्कत आ रही है उसकी सुचना मिलते ही युवा बड़ी जल्दी समाधान कर रहे हैं। ऐसे बहुत सारे किसान हैं जिनको अब युवाओं के बनाए गये नेटवर्क का फायदा हो चुका है।

सबसे रोचक बात आंदोलन में पहुंची लाखों की भीड़ को युवा किसानों की एक कमेटी के द्वारा बहुत अच्छे तरीके से मैनेज किया जा रहा है। दुध और जरूरी राशन पानी पहुंचाने वाली गाड़ियों की भी सुची बनाकर ये सुनिश्चित किया जा रहा है कि ना तो राशन की कोई कमी रहे और ना ही राशन बेकार जाए। गांव में बैठे किसानों को आंदोलन का हिस्सा बनाने के लिए युवा किसानों द्वारा सोशल मीडिया के माध्यम से अपील लगातार की जा रही है जिसका व्यापक असर भी देखने को मिला है जिससे अब ये आंदोलन पहले दिन से कई गुणा ज्यादा बड़ा हो गया है। गांव में बैठे किसान जो लगातार किसी कारणवश बार्डरों पर नहीं ठहर पा रहे हैं वो अब जरूरी सामान इस महाआंदोलन में पहुंचाकर अपना योगदान दे रहे हैं। किसी प्रकार का शरारती तत्व आंदोलन में ना घुसे इसके लिए युवा सेवादार 24 घंटे अपनी सेवा दे रहे हैं।

सबसे मुख्य आंदोलन में पहुंचे बुद्धिजीवी युवाओं द्वारा भगत सिंह लाईब्रेरी का निर्माण किया गया है जिससे किसानों को प्रेरणादायक किताबें पढ़ने को मिल रही है और उनकी देशभक्ति की खुराक बढ़ रही है।

छात्र-छात्राओं की कुछ टोलियां देशभक्ति गीत सुनाकर किसानों का इस आंदोलन में उत्साह बढ़ा रही है।

जो युवा दुसरे देशों में बैठे हैं उनका सहयोग भी किसी रुप में कम नहीं है। दुनियाभर में किसानों की आवाज पहुंचाने से लेकर आंदोलन को चलाने के लिए जरूरी डोनेशन में भी इन युवाओं का अहम योगदान रहा है।

*कुल मिलाकर जब इस आंदोलन पर इतिहास लिखा जाएगा तो युवाओं की भागीदारी और उनके द्वारा निभाई गई जिम्मेदारी को स्वर्णिम अक्षरों में लिखा जाएगा*

कल तक जिस पंजाब के नौजवानों को नशेड़ी और हरियाणा के नौजवानों को मोलड़ कहा गया उन्होंने इस आंदोलन को संभालकर अपनी जवानी के जिंदाबाद होने का परिचय दे दिया है। यही नहीं नए भारत की पहचान बनकर नए दौर के है युवा शहीद ए आज़म नौजवान भगत सिंह के सपनों के भारत को पूरा करने का बीड़ा भी उठा लिए है।

## कौन थे वे

अशोक भारती

क्या तुम जानते हो—
किसने गढ़ीं तुम्हारे देवों की मूर्तियाँ,
खजुराहों की काम-क्रीड़ाएँ,
मंदिरों की बुर्जियाँ?

किसने गढ़े—
सम्राट अशोक के शिलालेख,
अजंता-एलोरा की गुफाएँ और—
साँची का स्तूप?

किसने खड़े किए
क़िले-दर-क़िले,
दीवाने-आम, दीवाने-ख़ास और
मुहब्बत का मक़बरा ताजमहल?

किसकी रचना थे वे
काले, मिट्टी के चमकीले बर्तन,
भूरे-लाल खिलौने और
पाँसे के पत्थर?

किसका पसीना था वह—
ढाके का मलमल,
चंदेरी की साड़ियाँ,
गाढ़े का खद्दर?

कौन थे वे जो—
पत्थरों में दम भरते थे,
सूत से कमाल करते थे,
तुम्हारा इतिहास गढ़ते थे?

क्या वे तुम्हारे वंशज थे—
जाति-बिरादर थे,
ब्राह्मण थे, पुरोहित थे, राजा थे?
वह शूद्र थे, अछूत थे।

## अख़बार नहीं हूँ

सुरमीत मावी

तेरे व्यापार का विज्ञापन नहीं हूँ मैं
तेरे झूठ का दुष्प्रचार नहीं हूँ
तमीज़ से पेश आ, तेरा दरबार नहीं हूँ।

मुझे माँ प्यार करती है, बहन राखी बांधती है
बाप ने सर पे हाथ रखा है, भाई साथ खड़ा है
जो तेरे सिक्कों की खनक पर ठुमकता है
मैं वो तवायफ़ों का बाज़ार नहीं हूँ।

मैं हथौड़े की चोट हूँ, पत्तों की झंकार नहीं हूँ
मैं आँखों में नहीं चुभूंगा, सीना फाड़ दूंगा
मैं कोलाहल नहीं हूँ, हाहाकार नहीं हूँ
मैं युद्ध की शंखध्वनि हूँ, डर जा
मैं फ़तह का ऐलान हूँ, अख़बार नहीं हूँ।






**ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥**

''ਬੇਗ਼ਮਪੁਰਾ ਸ਼ਹਿਰ ਵਿੱਚ ਨਾਂ ਕੋਈ ਦੁੱਖ ਹੈ, ਨਾਂ ਚਿੰਤਾ ਹੈ। ਉਥੇ ਕੋਈ ਘਬਰਾਹਟ, ਕੋਈ  ਮਸੂਲ਼ - ਟੈਕਸ ਜਾਂ ਕੋਈ ਨਿੱਜੀ ਜਾਇਦਾਦ ਨਹੀਂ ਹੈ। ਉਥੇ ਕੋਈ ਗ਼ਲਤੀ ਹੋਣ ਦਾ ਡਰ ਜਾਂ ਘਾਟਾ ਪੈਣ ਦਾ ਡਰ ਨਹੀ ਹੈ"

**- ਭਗਤ ਰਵਿਦਾਸ**